# ਸਿਫ਼ਤ ਸਾਲਾਹ

(ਕਾਵਿ-ਸੰਗ੍ਰਹਿ)

ਸੁਰਿੰਦਰ ਸਿੰਘ ਸੋਹਣਾ

ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ

International Publishers
of Indian Languages

Representative Office :
33 old oak Lane
Levittown, NY -11756
(U.S.A)

**Sifat Salah**
(Poetry)

by: Surinder Singh Sohna
Mob : 94175-44400

Title designed by T. Singh

ISBN : 978-81-7914-937-9

Edition : 2017

Price : Rs.200
(5 Australian Dollar)

© Author

**Published by :**

Tarlochan Publishers
3236, Sector 15-D, Chandigarh
Mob: 98146-73236, 98786-03236
E-mail : tpublishers3236@gmail.com

---

**ਸਿਫ਼ਤ ਸਾਲਾਹ** (ਕਵਿਤਾਵਾਂ), **ਲੇਖਕ** : ਸੁਰਿੰਦਰ ਸਿੰਘ ਸੋਹਣਾ
**ਪੇਸ਼ਕਸ਼** : ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ
**ਛਾਪਕ** : ਯੂਨੀਟੈਕ ਗ੍ਰਾਫ਼ਿਕ ਪ੍ਰਆਇੰਟ, ਦਿੱਲੀ

**ਸਮਰਪਣ**

ਜਸਲੀਨ, ਗੁਰਲੀਨ ਤੇ ਗੁਰਨੂਰ ਨੂੰ।
ਜੋਬਨਵੀਰ ਅਤੇ ਬਿਬੀ ਹਰਨੂਰ ਨੂੰ।

ਭੂਮਿਕਾ

# ਸਿੱਖ ਵਿਰਸੇ ਦਾ ਲੋਕ-ਕਵੀ : ਸੁਰਿੰਦਰ ਸਿੰਘ ਸੋਹਣਾ

ਸੁਰਿੰਦਰ ਸਿੰਘ ਸੋਹਣਾ ਦੀ ਕਲਮ ਦੀ ਰਵਾਨਗੀ ਅਤੇ ਪਰਪੱਕਤਾ ਇਸ ਹਕੀਕਤ ਵੱਲ ਅਰਥ ਭਰਪੂਰ ਸੰਕੇਤ ਕਰ ਰਹੀਆਂ ਜਾਪਦੀਆਂ ਹਨ ਕਿ ਇਹ ਕਵੀ ਚਿਰਾਂ ਤੋਂ ਸਾਹਿਤ ਰਚਨਾ ਦੇ ਪਿੜ ਵਿਚ ਨਿੱਤਰਿਆ ਹੋਇਆ ਹੈ ਪਰ ਪਾਠਕ-ਵਰਗ ਦੇ ਰੂ-ਬ-ਰੂ ਹੁਣੇ ਹੋਇਆ ਹੈ। ਸ਼ਾਇਦ ਅਜੇ ਵੀ ਇਹ ਕਲਮਕਾਰ ਗੁੱਝਾ ਹੀ ਰਹਿ ਜਾਂਦਾ ਜੇਕਰ ਉਸਦਾ ਲੋਕ ਸਾਹਿਤ ਸੰਗਮ, ਰਾਜਪੁਰਾ ਦੇ ਮੰਚ 'ਤੇ ਪ੍ਰਗਟ ਹੋਣ ਦਾ ਸਬੱਬ ਨਾ ਬਣਦਾ। ਉਸਦੀ ਪਲੇਠੀ ਕਾਵਿ-ਪੁਸਤਕ 'ਸਿਫ਼ਤ ਸਾਲਾਹ' ਵਿਸ਼ਾ-ਵਸਤੂ ਅਤੇ ਤਕਨੀਕੀ ਪੱਖਾਂ ਤੋਂ ਵਾਚਦਿਆਂ ਇਹ ਪ੍ਰਭਾਵ ਪੰਜਾਬੀ ਪਾਠਕ ਦੇ ਮਨ ਉੱਪਰ ਛੱਡਦੀ ਹੈ ਕਿ ਇਸ ਵਿਚ ਇਤਿਹਾਸ ਅਤੇ ਸਾਹਿਤ ਨਾਲ ਸੰਬੰਧਿਤ ਸਿੱਖ ਵਿਰਸਾ ਸਾਂਭਿਆ ਹੋਇਆ ਹੈ।

ਸੋਹਣਾ ਮੁੱਖ ਰੂਪ ਵਿਚ ਸਿੱਖ ਇਤਿਹਾਸ ਵਿਚੋਂ ਮਹੱਤਵਪੂਰਨ ਘਟਨਾਵਾਂ ਲੈ ਕੇ ਉਹਨਾਂ ਨੂੰ ਕਵਿਤਾ ਦੇ ਮਾਧਿਅਮ ਦੁਆਰਾ ਅਰਥਪੂਰਨ ਢੰਗ ਨਾਲ ਇਸ ਤਰ੍ਹਾਂ ਚਿਤਰਦਾ ਹੈ ਕਿ ਪਾਠਕ ਦੇ ਮਨ ਉੱਪਰ ਪੈਂਦਾ ਪ੍ਰਭਾਵ ਬੌਧਿਕਤਾ ਅਤੇ ਭਾਵਾਤਮਕਤਾ ਦਾ ਸਮਨਵੈ-ਰੂਪ ਹੋ ਨਿਬੜਦਾ ਹੈ। ਗੁਰੂ ਸਾਹਿਬਾਨ ਅਤੇ ਹੋਰ ਬਾਣੀਕਾਰਾਂ ਦੇ ਜੀਵਨ ਵਿਚਲੀਆਂ ਘਟਨਾਵਾਂ (ਵਿਸ਼ੇਸ਼ ਤੌਰ 'ਤੇ ਸ਼ਹਾਦਤ ਨਾਲ ਸੰਬੰਧਿਤ) ਨੂੰ ਇਹ ਕਵੀ ਇਸ ਤਰ੍ਹਾਂ ਸੰਜਮ-ਭਰਪੂਰ ਸ਼ੈਲੀ ਰਾਹੀਂ ਮੂਰਤੀਮਾਨ ਕਰਦਾ ਹੈ ਕਿ ਪਾਠਕ ਵਰਗ ਦੀਆਂ ਭਾਵਨਾਵਾਂ ਸ਼ਰਧਾ-ਯੁਕਤ ਹੋਣ ਦੇ ਬਾਵਜੂਦ ਵੀ ਤਰਕ ਦਾ ਪੱਲਾ ਨਹੀਂ ਛੱਡਦੀਆਂ।

ਇਸ ਕਵੀ ਦੀ ਕਾਵਿ-ਕਲਾ ਦੀ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚੋਂ ਇਕ ਸਫ਼ਲ ਬਿਰਤਾਂਤਕਾਰ ਅਤੇ ਪ੍ਰਭਾਵਸ਼ਾਲੀ ਕਥਾਵਾਚਦ ਦੇ ਨਾਲ-ਨਾਲ ਚਿੰਤਨਸ਼ੀਲ ਕਾਵਿ-ਸੰਵੇਦਨਾ ਵਾਲਾ 'ਸੋਹਣਾ' ਵੀ ਨਜ਼ਰ ਆਉਂਦਾ ਹੈ। ਸਿੱਖੀ ਜੀਵਨ ਅਤੇ ਅਮਲ ਨਾਲ ਸੰਬੰਧਿਤ ਡੂੰਘੀਆਂ ਰਮਜ਼ਾਂ ਨੂੰ ਇਹ ਕਵੀ ਬੜੀ ਅਸਾਨੀ ਨਾਲ ਸਾਧਾਰਨ ਤੋਂ ਸਾਧਾਰਨ ਪਾਠਕ ਦੇ ਮਸਤਿਸ਼ਕ ਵਿਚ ਪਹੁੰਚਾ ਦਿੰਦਾ ਹੈ। ਸਿੱਖ-ਸਿਧਾਂਤ ਨਾਲ ਸੰਬੰਧਿਤ ਸੰਕਲਪਾਂ ਨੂੰ ਇਸ ਤਰ੍ਹਾਂ ਸਮਝਾਇਆ ਗਿਆ ਹੈ ਕਿ ਇਸ ਵਿਚੋਂ ਸੁਭਾਵਿਕ ਹੀ ਬਾਣੀ ਦਾ ਮਹੱਤਵ ਉਜਾਗਰ ਹੋ ਰਿਹਾ ਹੈ। ਸੰਕਲਪਾਂ, ਵਿਚਾਰਾਂ ਅਤੇ ਕੁਰਬਾਨੀਆਂ ਦੇ ਰੂਪ ਵਿਚ ਗੁਰੂ ਸਾਹਿਬਾਨ ਦੀ ਮਨੁੱਖਤਾ ਨੂੰ ਦੇਣ

ਬਾਰੇ ਜਦੋਂ ਇਹ ਕਵੀ ਅਲੰਕ੍ਰਿਤ ਪਰ ਸਾਦੀ ਭਾਸ਼ਾ ਵਾਲੇ, ਲੋਕ ਸਾਹਿਤਿਕ ਰੰਗ ਵਾਲੇ ਗੀਤਾਂ ਰਾਹੀਂ ਆਪਣਾ ਚਿੰਤਨ ਪ੍ਰਸਤੁਤ ਕਰਦਾ ਹੈ ਤਾਂ ਸ਼ਰਧਾਵਾਨ ਪਾਠਕ ਦੀ ਸ਼ਰਧਾ-ਭਾਵਨਾ ਤਾਰਕਿਕਤਾ ਨਾਲ ਲੈਸ ਹੋ ਕੇ ਆਲੇ- ਦੁਆਲੇ ਨੂੰ ਆਦਰਸ਼ਕ ਰੂਪ ਵਿਚ ਢਾਲਣ ਦੇ ਸਮਰੱਥ ਹੋ 'ਕੇਤੀ ਛੁਟੀ ਨਾਲ' ਵਾਲੇ ਮਹਾਂਵਾਕ ਨੂੰ ਹਕੀਕਤ ਵਿਚ ਪਰਿਵਰਤਿਤ ਕਰਨ ਦੇ ਕਾਬਲ ਹੋ ਜਾਂਦੀ ਹੈ।

ਸਿੱਖ-ਸਿਧਾਂਤ ਨੂੰ ਸਪਸ਼ਟ ਕਰਨ ਲਈ ਯਤਨਸ਼ੀਲ ਇਹ ਕਵੀ ਸਿੱਖੀ ਵਿਚ ਅੰਮ੍ਰਿਤ, ਪੰਜ ਕਕਾਰ, ਨਿੱਤਨੇਮ ਆਦਿ ਦੇ ਮਹੱਤਵ ਨੂੰ ਚੰਗੀ ਤਰ੍ਹਾਂ ਸਮਝਾਉਂਦਾ ਹੈ। ਸਭ ਤੋਂ ਪਹਿਲੀ ਕਵਿਤਾ 'ਧੁਰ ਦੀ ਬਾਣੀ' ਵਾਸਤਵ ਵਿਚ ਅਜਿਹੀ ਰਚਨਾ ਹੈ ਜਿਸ ਰਾਹੀਂ ਸੋਹਣੇ ਦਾ ਇਸ ਪੁਸਤਕ ਅੰਦਰਲਾ ਸਾਰਾ ਕਾਵਿ-ਪਸਾਰਾ ਦ੍ਰਿਸ਼ਮਾਨ ਹੋ ਜਾਂਦਾ ਹੈ। ਗੁਰਮਤਿ ਚਿੰਤਨ-ਦ੍ਰਿਸ਼ਟੀ ਅਨੁਸਾਰ ਵਾਹਿਗੁਰੂ (ਕਰਤਾ ਪੁਰਖ) ਸਰਵਵਿਆਪਕ ਹੈ ਜੋ ਕਣ-ਕਣ ਵਿਚ ਸਮਾਇਆ ਹੋਇਆ ਹੈ। ਸੋਹਣਾ ਲਿਖਦਾ ਹੈ :

**ਜੰਗਲੀ ਲੱਭਦੇ ਫਿਰਦੇ ਲੋਕੀਂ ਕਰਤੇ ਨੂੰ,**
**ਕਾਇਆ ਵਿਚ ਦਰਸਾਇਆ ਧੁਰ ਕੀ ਬਾਣੀ ਨੇ।**

ਇਹ ਸਰਵਵਿਆਪਕ ਪਰਮਾਤਮਾ ਇੱਕੋ ਇੱਕ ਹੀ ਹੈ। ਇਕ ਈਸ਼ਵਰਵਾਦ ਦੀ ਇਸ ਧਾਰਨਾ ਨੂੰ ਇਸ ਕਵੀ ਨੇ ਇਸੇ ਕਵਿਤਾ ਵਿਚਲੇ ਨਿਮਨਲਿਖਤ ਸ਼ਬਦਾਂ ਰਾਹੀਂ ਦ੍ਰਿੜ੍ਹਾਇਆ ਹੈ :

**ਏਕੋ ਹੈ ਭਾਈ ਏਕੋ ਹੈ, ਸਭ ਏਕੋ ਹੈ,**
**ਇਕੋ ਦੇ ਲੜ ਲਾਇਆ, ਧੁਰ ਕੀ ਬਾਣੀ ਨੇ।**

ਇਸੇ ਹਕੀਕਤ ਨੂੰ ਕਵੀ ਨੇ ਇਕ ਹੋਰ ਰਚਨਾ ਵਿਚ ਇਸ ਪ੍ਰਕਾਰ ਜ਼ਾਹਰ ਕੀਤਾ ਹੈ :

**ਈਸ਼ਵਰ, ਗੌਡ, ਵਾਹਿਗੁਰੂ, ਅੱਲਾ**
**ਸਾਰੇ ਇਕੋ ਰੱਬ ਦੇ ਨਾਂ।**

ਮਨੁੱਖ ਸ੍ਰਿਸ਼ਟੀ ਰਚਣ ਵਾਲੇ ਕਰਤਾਰ ਨੂੰ ਭੁੱਲ ਕੇ ਉਸ ਦੁਆਰਾ ਰਚਿਤ ਮਾਇਆ ਨਾਲ ਜੁੜਿਆ ਰਹਿੰਦਾ ਹੈ। ਸੰਸਾਰਿਕ ਵਸਤੂਆਂ ਨੂੰ ਕਬਜ਼ੇ ਵਿਚ ਕਰਨ ਦੀ ਉਸਦੀ ਲਾਲਸਾ ਉਸਨੂੰ ਗੁਰਮੁਖਤਾ ਤੋਂ ਦੂਰ ਰੱਖ ਕੇ ਮਨੁੱਖਤਾ ਦੀ ਕੈਦ ਵਿਚ ਬੰਦ ਰੱਖਦੀ ਹੈ। ਆਪਣੇ ਅੰਦਰਲੇ ਈਸ਼ਵਰੀ ਤੱਤ ਨੂੰ ਪਛਾਣਨ ਦੀ ਥਾਂ ਉਹ ਮਨ ਦੀ ਦੁਨੀਆਂ ਅੰਦਰ ਭਟਕਦਾ ਰਹਿੰਦਾ ਹੈ। ਕਾਮ, ਕ੍ਰੋਧ, ਲੋਭ, ਮੋਹ ਅਤੇ

ਹਉਮੈ ਜਿਹੀਆਂ ਦੁਸ਼ਵਿਰ੍ਤੀਆਂ ਉਸ ਨੂੰ ਬਾਹਰ ਵੱਲ ਨੂੰ ਭਜਾਈ ਰੱਖਦੀਆਂ ਹਨ ਜਿਸ ਕਰਕੇ ਉਹ ਸਦੀਵੀ ਖੁਸ਼ੀ ਦੀ ਥਾਂ ਅਸਥਾਈ ਸੰਸਾਰਿਕ ਖੁਸ਼ੀ ਪ੍ਰਾਪਤ ਕਰਨ ਦੇ ਚੱਕਰ ਵਿਚ ਪੈ ਕੇ ਸਦਾ ਹੀ ਦੁਖੀ ਰਹਿਣ ਲੱਗਦਾ ਹੇ। ਸਦੀਵੀ ਅਨੰਦ ਦੀ ਪ੍ਰਾਪਤੀ ਦਾ ਇਕੋ ਇਕ ਰਾਹ ਹੈ ਅਧਿਆਤਮਕ ਸਾਧਨਾ ਦੁਆਰਾ ਮਾਨਸਿਕ ਤਰੰਗਾਂ ਨੂੰ ਨਿਯੰਤਰਿਤ ਕਰਕੇ ਆਤਮਾ ਅਤੇ ਪਰਮਾਤਮਾ ਵਿਚਕਾਰ ਲਟਕਦੇ ਮਨ ਦੁਆਰਾ ਸਿਰਜਿਤ ਪਰਦੇ ਨੂੰ ਹਟਾਉਣਾ। ਜਦੋਂ ਇਹ ਹਉਮੈਂ ਰੂਪੀ ਝੂਠ ਦੀ ਦੀਵਾਰ ਟੁੱਟ ਜਾਂਦੀ ਹੈ ਤਾਂ ਆਤਮਾ ਆਪਣੇ ਮੂਲ ਸੋਮੇ ਪਰਮਾਤਮਾ ਨਾਲ ਇਕਮਿਕ ਹੋ ਜਾਂਦੀ ਹੈ। ਫਿਰ ਸੰਸਾਰਿਕ ਦੁੱਖਾਂ ਸੁੱਖਾਂ ਦਾ ਆਭਾਸ ਨਹੀਂ ਹੁੰਦਾ, ਕੇਵਲ ਪ੍ਰਭੂ-ਮਿਲਾਪ ਵਿਚੋਂ ਪ੍ਰਾਪਤ ਸਦੀਵੀ ਆਤਮਿਕ ਅਨੰਦ ਹੀ ਮਨ ਦੇ ਅੰਦਰ ਵੀ ਅਤੇ ਬਾਹਰ ਵੀ ਸਦੀਵੀ ਸੁੱਖ ਵਰਤਾ ਦਿੰਦਾ ਹੈ। 'ਮਨ ਜੀਤੈ ਜਗੁ ਜੀਤ' ਦੇ ਵਾਕ ਅਨੁਸਾਰ ਮਨ ਉੱਪਰ ਜਿੱਤ ਪ੍ਰਾਪਤ ਕਰਨ ਨਾਲ ਮਨੁੱਖ ਸੰਸਾਰਿਕਤਾ ਦਾ ਗੁਲਾਮ ਨਹੀਂ ਰਹਿੰਦਾ। ਇਸ ਸਾਰੀ ਪ੍ਰਸਥਿਤੀ ਨੂੰ ਸੋਹਣੇ ਦੀਆਂ ਨਿਮਨਲਿਖਤ ਕਾਵਿ-ਪੰਕਤੀਆਂ ਪੂਰਨ ਰੂਪ ਵਿਚ ਸਪਸ਼ਟ ਕਰ ਦਿੰਦੀਆਂ ਹਨ :

1. **ਕਰਤੇ ਨੂੰ ਪੁਜੋ ਸਿੰਘੋ,**
   **ਕ੍ਰਿਤ ਨੂੰ ਧਿਆਵੋ ਨਾ।**
2. **ਨਾ ਈਸ਼ਰ, ਨਾ ਬ੍ਰਹਮਾ, ਵਿਸ਼ਨ, ਮਹੇਸ਼ ਕੋਈ,**
   **ਇਕ ਕਰਤੇ ਨੂੰ ਧਿਆਇਆ ਧੁਰ ਦੀ ਬਾਣੀ ਨੇ।**
3. **ਜਿੱਤ ਜਾਂਦੇ ਉਹ ਜਿਹੜੇ ਔਗਣਾਂ 'ਤੇ ਜਿੱਤ ਪਾਉਣ,**
   **ਹਾਰ ਜਾਂਦੇ ਉਹ ਜਿਹੜੇ ਮਨ ਕੋਲੋਂ ਹਾਰਦੇ।**
4. **ਸ਼ਸਤਰਾਂ ਦੇ ਨਾਲ ਨਹੀਂ ਜਹਾਨ ਜਿੱਤ ਹੁੰਦਾ 'ਸੋਹਣੇ'**
   **ਜਿੱਤ ਲੈਂਦੇ ਜੱਗ ਜਿਹੜੇ ਹਉਮੈ ਤਾਈਂ ਮਾਰਦੇ।**

ਹਉਮੈ ਦੀ ਕੰਧ ਢਾਹੁਣੀ ਸੌਖੀ ਨਹੀਂ ਹੈ। ਇਸ ਲਈ ਅਧਿਆਤਮਕ ਸਾਧਨਾਂ ਦੀ ਅਵੱਸ਼ਕਤਾ ਹੈ। ਇਸੇ ਸਾਧਨਾ ਦਾ ਨਾਮ ਹੀ ਸਿੱਖੀ ਹੈ। ਸਿੱਖ-ਸਿਧਾਂਤ ਅਨੁਸਾਰ ਕਿਸੇ ਸੱਚੇ ਗੁਰੂ ਕੋਲੋਂ ਮਿਲਦੀ ਅਗਵਾਈ ਹੀ ਬੇੜਾ ਪਾਰ ਕਰ ਸਕਦੀ ਹੈ। ਇਹ ਗੁਰੂ ਹੈ ਸ਼ਬਦ-ਗੁਰੂ। ਗੁਰੂ ਗ੍ਰੰਥ ਸਾਹਿਬ ਸ਼ਬਦ-ਗੁਰੂ ਹੈ। ਇਸ ਕਵੀ ਨੇ ਸਿੱਖ ਗੁਰੂ ਸਾਹਿਬਾਨ, ਸਾਹਿਬਜ਼ਾਦਿਆਂ, ਚਾਲੀ ਮੁਕਤਿਆਂ, ਭਾਈ ਮਨੀ ਸਿੰਘ ਜਿਹੇ ਸਿੰਘਾਂ ਦੀ ਅਧਿਆਤਮਿਕ ਸਾਧਨਾ, ਸਿੱਖੀ ਦੀ ਮਰਯਾਦਾ ਨੂੰ ਅਮਲੀ ਰੂਪ ਵਿਚ ਜਿਉਂਦਿਆਂ ਉਹਨਾਂ ਦੁਆਰਾ ਦਿੱਤੀਆਂ ਲਾਸਾਨੀ ਕੁਰਬਾਨੀਆਂ ਨੂੰ ਆਦਰਸ਼ ਰੂਪ ਵਿਚ ਪੇਸ਼ ਕਰਕੇ ਸਿੱਖ-ਸੋਚ ਅਤੇ ਅਮਲ ਦੀ ਇਕਮਿਕਤਾ ਦਾ ਨਮੂਨਾ ਪੇਸ਼

ਕੀਤਾ ਹੈ ਜਿਸ ਦਾ ਅਨੁਸਰਣ ਕਰਕੇ ਮਨੁੱਖਤਾ ਦੀ ਸੁੱਚੀ ਸੋਚ ਆਜ਼ਾਦੀ ਮਾਣ ਸਕਦੀ ਹੈ। ਇਸੇ ਸੁਤੰਤਰਤਾ ਲਈ ਸਿੱਖ ਗੁਰੂਆਂ, ਸਾਹਿਬਜ਼ਾਦਿਆਂ ਅਤੇ ਸਿੰਘਾਂ ਸਿੰਘਣੀਆਂ ਨੇ ਕੁਰਬਾਨੀਆਂ ਦਿੱਤੀਆਂ। ਸਿੱਖ ਇਤਿਹਾਸ ਇਹਨਾਂ ਕੁਰਬਾਨੀਆਂ ਨਾਲ ਭਰਿਆ ਪਿਆ ਹੈ।

ਕਵੀ ਅਨੁਸਾਰ ਵਿਵਹਾਰਿਕ ਪੱਧਰ 'ਤੇ ਸਿੱਖੀ ਦਾ ਪਤਨ ਹੋ ਚੁੱਕਿਆ ਹੈ। ਲਗਾਤਾਰ ਹੋਰ ਵੀ ਹੋ ਰਿਹਾ ਹੈ। ਇਸ ਦਾ ਕਾਰਨ ਹੈ ਸ਼ਬਦ-ਗੁਰੂ ਦੁਆਰਾ ਦਰਸਾਏ ਮਾਰਗ ਨੂੰ ਛੱਡ ਕੇ ਅੰਧ-ਵਿਸ਼ਵਾਸ ਦੀ ਪ੍ਰਵਿਰਤੀ ਅਧੀਨ ਦੇਹਧਾਰੀ ਕਰਮ-ਕਾਂਡੀ ਅਤੇ ਦੰਭੀ ਗੁਰੂਆਂ ਦੇ ਪਿੱਛੇ ਲੱਗਣਾ। ਇਹ ਦੰਭੀ ਗੁਰੂ ਅੰਧ ਵਿਸ਼ਵਾਸ ਨੂੰ ਫੈਲਾ ਕੇ ਫਿਰ ਆਪਣੇ ਹਿਤਾਂ ਦੀ ਪੂਰਤੀ ਲਈ ਇਸ ਦਾ ਪ੍ਰਯੋਗ ਕਰਦੇ ਹਨ। ਇਸ ਹਕੀਕਤ ਨੂੰ ਸੋਹਣਾ ਚੰਗੀ ਤਰ੍ਹਾਂ ਸਪਸ਼ਟ ਕਰਦਾ ਨਜ਼ਰ ਆਉਂਦਾ ਹੈ। ਇਹ ਕਵੀ ਸੱਚ 'ਤੇ ਪਹਿਰਾ ਦਿੰਦਾ ਹੋਇਆ ਗੁਰੂ ਅਰਜਨ ਦੇਵ ਜੀ ਦੀ ਕੁਰਬਾਨੀ ਵੱਲ ਸੰਕੇਤ ਕਰਦਾ ਹੋਇਆ, ਸੱਚ ਦੇ ਪੱਖ ਵਿਚ ਖੜ੍ਹਾ ਝੂਠ ਨੂੰ ਵੰਗਾਰ ਰਿਹਾ ਹੈ :

**ਕੌਣ ਰੋਕਦਾ ਹੋਰ ਕਮਾ ਲੈ,**
**ਜਿੰਨਾ ਜ਼ੁਲਮ ਕਮਾਉਣਾ ਨੀ।**
**ਪਰ ਨਾ ਤੱਤੀਏ ਤਵੀਏ ਤੈਥੋਂ,**
**ਸੱਚ ਸਾੜਿਆ ਜਾਣਾ ਨੀ,**

ਪਰੰਤੂ ਅੱਜ ਦੀ ਸਿੱਖੀ ਦੰਭੀਆਂ ਦੇ ਲੜ ਲੱਗ ਕੇ ਦੰਭ ਦੇ ਰੰਗ ਵਿਚ ਰੰਗੀ ਜਾ ਰਹੀ ਹੈ। ਸ਼ਬਦ-ਗੁਰੂ ਦੀ ਸੁੱਚਤਾ ਅਤੇ ਸਾਦਗੀ ਦੇ ਉਲਟ ਕਰਮ ਕਾਂਡੀ ਅਖੌਤੀ ਗੁਰੂ ਸੰਸਾਰਿਕ ਅਨੰਦ ਵਿਚ ਗ੍ਰਸਤ ਰਹਿ ਕੇ ਅਨੈਤਿਕਤਾ ਦੀ ਹੇਠਲੀ ਤੋਂ ਹੇਠਲੀ ਪੱਧਰ ਤੱਕ ਡਿੱਗ ਚੁੱਕੇ ਹਨ। ਸੋਹਣੇ ਦੇ ਸ਼ਬਦ ਹਨ :

**ਨਾਨਕ ਫੱਕਰ ਦਾ ਚੇਲਾ**
**'ਟੋਇਓਟਾ' ਵਿਚ ਚੜ੍ਹ ਕੇ ਆਉਂਦਾ।**
**ਖਾ ਕੇ ਬਾਦਾਮ ਛੁਹਾਰੇ,**
**ਲਾਲੋ ਦੀ ਕਥਾ ਸੁਣਾਉਂਦਾ।**

ਇਹੋ ਜਿਹੇ ਲੋਕ ਅਨਪੜ੍ਹ ਅੰਧਵਿਸ਼ਵਾਸੀ ਕੱਚੇ ਸਿੱਖਾਂ ਦੀ ਗੰਧਲੀ ਸੋਚ ਦੇ ਸਹਾਰੇ ਪਲਦੇ ਹਨ। ਸਿੱਖਾਂ ਵਿਚ ਪਣਪ ਰਹੇ ਅੰਧ ਵਿਸ਼ਵਾਸ ਨੂੰ ਇਸ ਕਵੀ ਨੇ ਯਥਾਰਥਕ ਰੂਪ ਵਿਚ ਪੇਸ਼ ਕੀਤਾ ਹੈ :

**ਸਾਫ਼ ਜਾਂ ਮੈਲਾ ਥੜ੍ਹਾ ਸਾਹਿਬ**
**ਨਾ ਐਨਾ ਫ਼ਰਕ ਪਛਾਣੀਦਾ।**

**ਜੋ ਆਉਂਦਾ ਉਹ ਭਰ ਕੇ ਪਾਉਂਦਾ**
**ਠਾਹ ਬਾਲਟਾ ਪਾਣੀ ਦਾ।**

ਸਿੱਖੀ ਨੂੰ ਪ੍ਰਫੁੱਲਤ ਕਰਨ ਦੀ ਜ਼ਿੰਮੇਵਾਰੀ ਸਿੱਖ ਕੌਮ ਦੇ ਆਗੂਆਂ, ਸੰਤਾਂ, ਪ੍ਰਚਾਰਕਾਂ ਨੇ ਹੀ ਨਿਭਾਉਣੀ ਹੁੰਦੀ ਹੈ। ਪਰੰਤੂ ਇਹਨਾਂ ਸ਼ਖ਼ਸੀਅਤਾਂ ਦੇ ਮਾੜੇ ਕਿਰਦਾਰ ਨੇ ਸਿੱਖੀ ਅਮਲ ਦੀ ਦੁਰਦਸ਼ਾ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਸਾਰੇ ਕਦੇ ਵੀ ਮਾੜੇ ਨਹੀਂ ਹੁੰਦੇ ਪਰ ਸਥਿਤੀ ਵਿਗਾੜਨ ਲਈ ਥੋੜ੍ਹੇ ਵੀ ਕਾਫ਼ੀ ਹੁੰਦੇ ਹਨ। ਸਿੱਖੀ ਦੇ ਸੰਬੰਧ ਵਿਚ ਇਸ ਨਿਰਾਸ਼ਾਜਨਕ ਸਥਿਤੀ ਨੂੰ ਇਸ ਕਵੀ ਨੇ ਇਸ ਤਰ੍ਹਾਂ ਪ੍ਰਗਟਾਇਆ ਹੈ :

1. **ਸਿਰ ਮੂੰਹ ਮੁੰਨੇ ਕਾਕਿਆਂ ਦੇ,**
   **ਭਰਵੱਟੇ ਸਾਫ਼ ਰਕਾਨਾਂ ਦੇ।**
   **ਘਰ ਆਪਣੇ ਵੀ ਨਾ ਸਿੱਖੀ,**
   **ਕਈ ਜਥੇਦਾਰ ਪ੍ਰਧਾਨਾਂ ਦੇ।**
2. **ਵੈਰੀ ਨੇ ਨਾ ਵੱਢਿਆ ਤੇ ਗੈਰਾਂ ਨੇ ਨਾ ਸਾੜਿਆ।**
   **ਸਿੱਖੀ ਦਾ ਬਗੀਚਾ ਖ਼ੁਦ ਮਾਲੀਆਂ ਉਜਾੜਿਆ।**
3. **ਫੇਰ ਕਹਿੰਦੇ ਸਿੱਖ ਹਾਂ ਅਸੀਂ,**
   **ਜੂਆ ਖੇਡਦੇ ਤੇ ਪੀਂਦੇ ਨੇ ਸ਼ਰਾਬਾਂ।**
4. **ਉੱਲੂ ਦੀ ਦੁਨੀਆ ਵਿਚ ਵੇਖੋ**
   **ਕਾਹਦੇ ਸਿਖ਼ਰ ਦੁਪਹਿਰੇ ਨੇ।**
   **ਜੱਗ ਨੂੰ ਚਾਨਣ ਵੰਡੇ ਐਪਰ**
   **ਦੀਵੇ ਹੇਠ ਹਨੇਰੇ ਨੇ।**

ਕਵੀ ਇਸ ਪ੍ਰਕਾਰ ਦੀ ਸਥਿਤੀ ਦਾ ਕਾਰਨ ਸਿੱਖ ਜਨਤਾ ਦੀ ਤਰਕਹੀਣਤਾ ਨੂੰ ਮੰਨਦਾ ਹੈ। ਅੱਜ ਦੀ ਸਿੱਖ ਸੋਚ ਵਿਚ ਮੌਲਿਕਤਾ ਦੀ ਕਮੀ ਹੈ। ਆਪਣਾ ਭਲਾ-ਬੁਰਾ ਖ਼ੁਦ ਨਹੀਂ ਪਛਾਣ ਸਕਦੇ ਅੱਜ ਦੇ ਬਹੁਤੇ ਸਿੱਖ। ਸੋਹਣਾ ਕਹਿ ਰਿਹਾ ਹੈ :

1. **ਚੜ੍ਹ ਕੇ ਬਹਿ ਗਏ ਕਿਸ਼ਤੀ ਉੱਤੇ,**
   **ਸੋਚਿਆ ਨਾ ਅਸਵਾਰਾਂ ਨੇ।**
   **ਨਾ ਪੱਤਣ ਦੀ ਖ਼ਬਰ ਮਲਾਹ ਨੂੰ,**
   **ਨਾ ਡੂੰਘਾ ਦੀਆਂ ਸਾਰਾਂ ਨੇ।**
2. **ਜਲ ਵਿਚ ਰਿੜਕਣਾ ਪਾਈ ਬੈਠੇ,**
   **ਕੱਢ ਦੇ ਦੋਸ਼ ਮਧਾਣੀ ਦਾ।**

ਗੁਰਮਤਿ ਅਨੁਸਾਰ ਸਾਰੇ ਮਨੁੱਖ ਬਰਾਬਰ ਹਨ ਕਿਉਂਕਿ ਸਾਰਿਆਂ ਵਿਚ ਉਸੇ ਪਰਮਾਤਮਾ ਦੀ ਜੋਤ ਹੈ। ਪਰੰਤੂ ਅੱਜ ਦਾ ਸਮਾਜ ਧਰਮਾਂ ਦੀ ਵਿਭਿੰਨਤਾ ਨੇ ਵੰਡ ਦਿੱਤਾ ਹੈ। ਇਸ ਵਿਚ ਕਿਸੇ ਦੇ ਵੀ ਧਰਮ ਦਾ ਕੋਈ ਦੋਸ਼ ਨਹੀਂ। ਦੋਸ਼ ਧਰਮ ਦੀ ਪਾਲਣਾ ਕਰਨ ਵਾਲਿਆਂ ਦਾ ਹੈ। ਇਕ ਧਰਮ ਦੇ ਮੰਨਣ ਵਾਲੇ ਦੂਜੇ ਧਰਮ ਦੇ ਉਪਾਸਕਾਂ ਨੂੰ ਆਪਣੇ ਬਰਾਬਰ ਨਹੀਂ ਸਮਝਦੇ। ਨਾਲ ਹੀ ਉਹਨਾਂ ਦੀ ਇਹ ਸੋਚ ਵੀ ਹੈ ਕਿ ਉਨ੍ਹਾਂ ਦਾ ਧਰਮ ਹੀ ਸਾਰੇ ਸੰਸਾਰ ਵਿਚ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਦੀ ਸੋਚ ਜਦੋਂ ਰਾਜਨੀਤੀ ਨਾਲ ਜੁੜ ਜਾਵੇ ਤਾਂ ਫਿਰਕਾਪ੍ਰਸਤੀ ਦਾ ਰੂਪ ਧਾਰ ਕੇ ਇਕ ਧਰਮ ਦੇ ਲੋਕਾਂ ਨੂੰ ਦੂਜੇ ਧਰਮ ਦੇ ਲੋਕਾਂ ਨਾਲ ਲੜਾਉਂਦੀ ਹੈ। ਇਸ ਪ੍ਰਕਾਰ ਦੀ ਸੰਕੀਰਣਤਾ ਸਮਾਜਕ ਏਕਤਾ ਲਈ ਘਾਤਕ ਹੋ ਨਿਬੜਦੀ ਹੈ। ਸੋਹਣਾ ਇਸ ਪ੍ਰਕਾਰ ਦੀ ਸੋਚ ਦਾ ਵਿਰੋਧ ਕਰਦਾ ਹੈ ਕਿਉਂਕਿ ਇਸ ਤਰ੍ਹਾਂ ਦਾ ਸਭ ਕੁਝ ਸਿੱਖ ਸਿਧਾਂਤਾਂ ਦੇ ਉਲਟ ਹੈ। ਕਵੀ ਕਹਿੰਦਾ ਹੈ :

**ਸਾਰੇ ਇਕ ਮਿੱਟੀ ਤੋਂ ਸਾਜੇ,**
**ਹਿੰਦੂ, ਮੁਸਲਿਮ, ਸਿੱਖ, ਈਸਾਈ।**

ਇਸੇ ਪ੍ਰਕਾਰ ਜਾਤ ਦੇ ਆਧਾਰ 'ਤੇ ਸਮਾਜ ਵਿਚ ਉਚ-ਨੀਚ ਦੀ ਭਾਵਨਾ ਆ ਜਾਂਦੀ ਹੈ ਜੋ ਸਿੱਖ ਆਦਰਸ਼ਾਂ ਦੇ ਪ੍ਰਤਿਕੂਲ ਹੈ। ਸੋਹਣਾ ਇਸ ਸੰਬੰਧੀ ਕਹਿ ਰਿਹਾ ਹੈ :

**ਅਮਲ ਬਣਾਉਂਦੇ ਵੱਡਾ ਛੋਟਾ ਬੰਦੇ ਨੂੰ,**
**ਜਾਤੀ ਭੇਦ ਮਿਟਾਇਆ ਧੁਰ ਕੀ ਬਾਣੀ ਨੇ।**

ਸੱਚਮੁਚ, ਮਨੁੱਖ ਨੂੰ ਕਰਮ ਹੀ ਛੋਟਾ ਵੱਡਾ ਬਣਾਉਂਦੇ ਹਨ। ਜਨਮ ਤੋਂ ਕੋਈ ਛੋਟਾ ਵੱਡਾ ਨਹੀਂ। ਸਾਰਿਆਂ ਵਿਚ ਇਕੋ ਰੱਬੀ ਜੋਤ ਹੈ। ਪਰੰਤੂ ਮਰਦ ਪ੍ਰਧਾਨ ਸਮਾਜ ਨੇ ਲਿੰਗ ਦੇ ਆਧਾਰ 'ਤੇ ਵੀ ਉਚ-ਨੀਚ ਸਦੀਆਂ ਤੋਂ ਜਾਰੀ ਰੱਖੀ ਹੋਈ ਹੈ। ਮਰਦ ਹਮੇਸ਼ਾ ਇਸਤਰੀ ਨਾਲੋਂ ਆਪਣੇ ਆਪ ਨੂੰ ਉੱਤਮ ਸਮਝ ਕੇ ਉਸ ਨਾਲ ਮਾੜਾ ਵਿਵਹਾਰ ਕਰਦਾ ਰਿਹਾ ਹੈ ਅਤੇ ਹੁਣ ਵੀ ਕਰ ਰਿਹਾ ਹੈ। ਸੋਹਣਾ ਬਾਣੀ ਦੇ ਹਵਾਲੇ ਨਾਲ ਇਸ ਪ੍ਰਵਿਰਤੀ ਦਾ ਵਿਰੋਧ ਕਰ ਰਿਹਾ ਹੈ :

1. **ਨਾਰੀ ਨਿਰੀ ਪੈਰ ਦੀ ਜੁੱਤੀ ਨਹੀਂ ਨਰੋ,**
**ਨਰ ਦੇ ਖਾਨੇ ਪਾਇਆ ਧੁਰ ਕੀ ਬਾਣੀ ਨੇ।**
**ਭਗਤ, ਸੂਰਮੇ, ਰਾਜਨ ਉਪਜੇ ਨਾਰੀ ਤੋਂ,**
**ਉੱਚੀ ਕੂਕ ਸੁਣਾਇਆ, ਧੁਰ ਕੀ ਬਾਣੀ ਨੇ।**

2. **ਸਭ ਪਾਪਾਂ ਦਾ ਮੂਲ ਕੋਈ ਆਖੇ,**
**ਕੋਝੇ ਕਰਨ ਵਖਿਆਣ।**
**ਜਣਨੀ ਨੂੰ ਨਾ ਜਾਣਿਆ ਜਿਹਨੇ**
**ਕਾਹਦਾ ਚਤੁਰ ਸੁਜਾਨ?**

ਇਸ ਪੁਸਤਕ ਵਿਚ ਅੰਕਿਤ 'ਸੋਹਣਾ' ਦੀ ਕਾਵਿ-ਰਚਨਾ ਦੀ ਗੌਲਣਯੋਗ ਵਿਸ਼ੇਸ਼ਤਾ ਇਹ ਹੈ ਕਿ ਇਸ ਕਵੀ ਨੇ ਪੰਜਾਬੀ ਕਾਵਿ-ਸਾਹਿਤ ਦੀ ਮਕਬੂਲ ਵਿਧਾ ਕਵੀਸ਼ਰੀ ਨੂੰ ਇਕ ਵਿਰਸੇ ਦੇ ਰੂਪ ਵਿਚ ਸੰਭਾਲ ਕੇ ਪੰਜਾਬੀ ਸਾਹਿਤ ਦੀ ਸ਼ਲਾਘਾਯੋਗ ਸੇਵਾ ਕੀਤੀ ਹੈ। ਕਵੀਸ਼ਰੀ ਦੇ ਛੰਦ-ਪ੍ਰਬੰਧ ਉੱਪਰ ਉਸਦੀ ਪੂਰੀ ਪਕੜ ਹੈ। ਵੱਡੀ ਖ਼ੂਬੀ ਇਹ ਕਿ ਸਾਦੀ ਭਾਸ਼ਾ ਦੀ ਵਰਤੋਂ ਮਿਆਰੀ ਕਵਿਤਾ ਵਾਲੀ ਗਹਿਰਾਈ ਵਾਸਤੇ ਸਫ਼ਲਤਾਪੂਰਵਕ ਕੀਤੀ ਹੈ। ਥੋੜ੍ਹੇ ਸ਼ਬਦਾਂ ਨੂੰ ਪੜ੍ਹਕੇ ਸਿੱਖ-ਸਿਧਾਂਤ, ਇਤਿਹਾਸ ਅਤੇ ਸਿੱਖੀ ਅਮਲ ਬਾਰੇ ਜੇਕਰ ਕਾਵਿ-ਭਾਸ਼ਾ ਦੇ ਮਾਧਿਅਮ ਦੁਆਰਾ ਵਿਸ਼ਾਲ ਗਿਆਨ ਪ੍ਰਾਪਤ ਕਰਨਾ ਹੋਵੇ ਤਾਂ ਹਥਲੀ ਪੁਸਤਕ ਮਿਸਾਲੀ ਦਸਤਾਵੇਜ਼ ਹੈ। ਸਾਧਾਰਨ ਦਿੱਖ, ਪਰ ਅਸਾਧਾਰਨ ਬੁੱਧੀ ਅਤੇ ਡੂੰਘੀ ਕਾਵਿ-ਮਈ ਸੰਵੇਦਨਾ ਵਾਲਾ ਇਹ ਕਵੀ ਸੰਜਮ ਭਰਪੂਰ ਕਾਵਿ-ਸ਼ੈਲੀ ਰਾਹੀਂ ਸਾਧਾਰਨ ਪਾਠਕ ਨੂੰ ਗਹਿਰਾ ਗਿਆਨ ਦੇ ਕੇ ਅਸਾਧਾਰਨ ਅਨੁਭੂਤੀ ਦੇ ਰਾਹ ਪਾਉਣ ਦੀ ਯੋਗਤਾ ਰੱਖਦਾ ਹੈ। ਕਾਫ਼ੀਏ ਦੀ ਚੰਗੀ ਸੂਝ ਦੀ ਸੁਚੱਜੀ ਵਰਤੋਂ, ਟਕਸਾਲੀ ਪਰ ਢੁੱਕਵੀਂ ਸ਼ਬਦਾਵਲੀ ਸਹਿਤ ਡੂੰਘੀ ਗੱਲ ਕਿਵੇਂ ਕੀਤੀ ਜਾ ਸਕਦੀ ਹੈ, ਇਸ ਦਾ ਨਮੂਨਾ ਇਸ ਤੋਂ ਵਧੀਆ ਘੱਟ ਹੀ ਮਿਲਦਾ ਹੈ :

**ਔਖਾ ਸਿੱਖੀ ਦਾ ਕਮਾਉਣਾ,**
**ਸੌਖਾ ਸਿੱਖ ਅਖਵਾਉਣਾ।**
**ਸੌਖਾ ਮਨ ਨੂੰ ਭਜਾਉਣਾ,**
**ਔਖਾ ਰਾਹ 'ਤੇ ਲਿਆਉਣਾ।**

ਟੇਢੇ ਢੰਗ ਨਾਲ 'ਸੋਹਣਾ' ਜਦੋਂ ਮਨੁੱਖੀ ਵਿਵਹਾਰ ਦਾ ਅੰਗ ਬਣ ਚੁੱਕੇ ਦੋਗਲੇਪਣ 'ਤੇ ਚੋਟ ਮਾਰਦਾ ਹੈ ਤਾਂ ਵਿਅੰਗ ਦੀ ਇਹ ਕਾਵਿ-ਜੁਗਤ ਸਾਧਾਰਨ ਤੋਂ ਸਾਧਾਰਨ ਪਾਠਕ ਨੂੰ ਨਾ ਕੇਵਲ ਕੰਮ ਦੀ ਗੱਲ ਸਮਝਾ ਜਾਂਦੀ ਹੈ, ਸਗੋਂ ਹਾਸ-ਰਸ ਪੈਦਾ ਕਰਕੇ ਰਚਨਾ ਨੂੰ ਰੌਚਿਕਤਾ ਵੀ ਪ੍ਰਦਾਨ ਕਰ ਜਾਂਦੀ ਹੈ। ਕਥਨੀ ਅਤੇ ਕਰਨੀ ਵਿਚਕਾਰ ਅੰਤਰ ਵਾਲੀ ਇਸ ਕੁਰੀਤੀ ਨੂੰ ਇਹ ਕਵੀ ਇਸ ਪ੍ਰਕਾਰ ਲੋਕਾਂ ਸਾਹਮਣੇ ਲਿਆਉਂਦਾ ਹੈ :

**ਸੁੱਕਾ ਟੁੱਕ ਪਰੋਸ ਪਤੀ ਨੂੰ,**
**ਡੇਰੇ ਘਿਉ ਚੜ੍ਹਾਉਣ ਚੱਲੀ।**
**ਘਰ ਵਾਲੇ ਦੀ ਤੰਦਰੁਸਤੀ ਲਈ,**
**ਫਿਰਦੀ ਏ ਸਾਧਾਂ ਕੋਲ ਝੱਲੀ।**

ਭਾਵੇਂ ਮੁਖ ਰੂਪ ਵਿਚ 'ਸੋਹਣਾ' ਦੀ ਇਹ ਪੁਸਤਕ 'ਸਿਫ਼ਤ ਸਾਲਾਹ' ਵਿਚਲਾ ਕਾਵਿ-ਪ੍ਰਵਚਨ ਮਾਲਵੇ ਵਿਚ ਹਰਮਨ ਪਿਆਰੀ ਕਾਵਿ-ਵਿਧਾ 'ਕਵੀਸ਼ਰੀ' ਦੇ ਰੂਪ ਵਿਚ ਹੈ ਪਰੰਤੂ ਇਸੇ ਪੁਸਤਕ ਵਿਚੋਂ ਹੀ ਗੀਤਕਾਰੀ ਅਤੇ ਰੁਬਾਈ ਜਿਹੀਆਂ ਵਿਧਾਵਾਂ ਦੇ ਖੇਤਰ ਵਿਚ ਵੀ ਇਸ ਕਵੀ ਦੁਆਰਾ ਪੱਕੀਆਂ ਪੈੜਾਂ ਪਾਉਣ ਦੀ ਸੰਭਾਵਨਾ ਸਪਸ਼ਟ ਨਜ਼ਰ ਆ ਰਹੀ ਹੈ। ਸੰਕਲਨ ਦੀ ਪਹਿਲੀ ਰਚਨਾ ਗ਼ਜ਼ਲ ਜਿਹਾ ਗਿਆਨੀ ਗੀਤ ਦਿੱਸਦਾ ਹੈ। ਰੁਬਾਈਆਂ ਵਿਚੋਂ ਇਕ ਰੁਬਾਈ ਨਮੂਨੇ ਵਜੋਂ ਪ੍ਰਸਤੁਤ ਹੈ :

**ਅੱਖਾਂ ਮੁੰਦੀਆਂ ਮੌਨ ਧਾਰਿਆ,**
**ਲਾਇਆ ਤਾਣ ਬਥੇਰਾ।**
**ਰਿਸ਼ੀ ਮੁਨੀ ਵੀ ਪਾ ਨਾ ਸਕੇ,**
**ਆਦਿ ਅੰਤ ਕੋਈ ਤੇਰਾ।**
**ਅਠਸਠ ਤੀਰਥ ਨਹਾ ਕੇ ਵੀ ਨਾ,**
**ਦਰਸ਼ਣ ਹੋਏ 'ਸੋਹਣੇ'**
**ਬਾਹਰ ਭਾਲਦੀ ਫਿਰਦੀ ਦੁਨੀਆਂ,**
**ਅੰਦਰ ਉਸ ਦਾ ਡੇਰਾ।**

ਪਹਿਲੀ ਨਜ਼ਰੇ 'ਸੋਹਣਾ' ਦੀਆਂ ਰਚਨਾਵਾਂ ਬੇਸ਼ੱਕ ਧਾਰਮਿਕ ਨਜ਼ਰ ਆਉਂਦੀਆਂ ਹਨ ਪਰ ਧਾਰਮਿਕ ਦ੍ਰਿਸ਼ਟੀ ਤੋਂ ਅਪਣਾਏ ਗੁਣ ਕਿਉਂਕਿ ਸਮਾਜਕ ਦ੍ਰਿਸ਼ਟੀ ਤੋਂ ਵੀ ਉਤਨੇ ਹੀ ਸਾਰਥਿਕ ਹੁੰਦੇ ਹਨ ਇਸ ਲਈ ਇਹਨਾਂ ਰਚਨਾਵਾਂ ਦੀ ਸਮਾਜਕ ਪ੍ਰਸੰਗਿਕਤਾ ਅਤੇ ਸਾਰਥਿਕਤਾ ਨੂੰ ਵੀ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਨਿਮਰਤਾ ਅਤੇ ਮਿਠਾਸ ਜੇਕਰ ਧਾਰਮਿਕ ਮਹੱਤਵ ਰੱਖਣ ਵਾਲੇ ਗੁਣ ਹਨ ਤਾਂ ਇਹੀ ਗੁਣ ਪਰਿਵਾਰਿਕ ਅਤੇ ਸਮਾਜਕ ਸੁੱਖ-ਸ਼ਾਂਤੀ ਲਈ ਵੀ ਅਰਥਯੁਕਤ ਹਨ। ਧਰਮ ਕੇਵਲ ਆਤਮਾ ਨੂੰ ਪਰਮਾਤਮਾ ਨਾਲ ਮਿਲਣ ਦੀ ਹੀ ਪ੍ਰੇਰਣਾ ਨਹੀਂ ਦਿੰਦਾ, ਸਗੋਂ ਧਰਮ ਦੇ ਮਾਧਿਅਮ ਦੁਆਰਾ ਵਧੀਆ ਸਮਾਜ ਸਿਰਜਣ ਹਿਤ ਅਵੱਸ਼ਕ ਗੁਣਾਂ ਦਾ ਧਾਰਨੀ ਵੀ ਵਿਅਕਤੀ ਨੂੰ ਬਣਾਉਂਦਾ ਹੈ। ਮਿਸਾਲ ਵਜੋਂ ਭਾਵੇਂ ਇਸ ਕਵੀ ਨੇ ਨਸ਼ਾਖੋਰੀ ਅਤੇ ਇਸਤਰੀ ਦੀ ਬੇਕਦਰੀ ਨੂੰ ਧਾਰਮਿਕ

ਦ੍ਰਿਸ਼ਟੀ ਤੋਂ ਨਿੰਦਿਆ ਹੈ ਪਰ ਇਹੀ ਦੋਵੇਂ ਔਗੁਣ ਸਮਾਜਕ ਦ੍ਰਿਸ਼ਟੀ ਤੋਂ ਵੀ ਆਦਰਸ਼ ਸਮਾਜ ਦੀ ਸਿਰਜਣਾ ਲਈ ਖ਼ਤਰਨਾਕ ਸਾਬਤ ਹੁੰਦੇ ਹਨ। ਇਸੇ ਪ੍ਰਕਾਰ ਊਚ-ਨੀਚ, ਜਾਤ-ਪਾਤ, ਧਾਰਮਿਕ ਫਿਰਕਾਪ੍ਰਸਤੀ ਵੀ, ਜਿਸ ਨੂੰ ਕਵੀ ਨੇ ਭੰਡਿਆ ਹੈ, ਵਧੀਆ ਸਮਾਜ ਲਈ ਕੋਈ ਚੰਗੀਆਂ ਗੱਲਾਂ ਨਹੀਂ ਹਨ।

ਮੁੱਕਦੀ ਗੱਲ, ਸੁਰਿੰਦਰ ਸਿੰਘ ਸੋਹਣਾ ਦੀ ਇਹ ਪੁਸਤਕ ਪਾਠਕਾਂ ਲਈ ਧਰਮ ਅਤੇ ਕਵਿਸ਼ਰੀ, ਦੋਵਾਂ ਖੇਤਰਾਂ ਵਿਚ ਵਿਰਸੇ ਨੂੰ ਸੰਭਾਲ ਕੇ ਰੱਖਣ ਲਈ ਪ੍ਰੇਰਣਾਸ੍ਰੋਤ ਬਣਦੀ ਹੈ। ਪੁਸਤਕ ਪੜ੍ਹਨ ਉਪਰੰਤ ਪਾਠਕ ਨੂੰ ਧੁਰ ਅੰਦਰ ਤੱਕ ਕਵੀ ਦਾ ਇਹ ਹੋਕਾ ਚਿਰਾਂ ਤੱਕ ਗੂੰਜਦਾ ਰਹਿੰਦਾ ਹੈ :

**ਭੁੱਲੋ ਨ ਆਪਣਾ ਵਿਰਸਾ,**
**ਅਕਲਾਂ ਦੇ ਅੰਨ੍ਹਿਓਂ ਲੋਕੋ।**

**- ਡਾ. ਹਰਜੀਤ ਸਿੰਘ ਸੱਧਰ**
ਸਾਬਕਾ ਮੁਖੀ, ਪੰਜਾਬੀ ਵਿਭਾਗ,
ਮਾਰਕੰਡਾ ਨੈਸ਼ਨਲ ਕਾਲਜ,
ਸ਼ਾਹਾਬਾਦ (ਮਾਰਕੰਡਾ) ਹਰਿਆਣਾ।

ਰਾਜਪੁਰਾ
17.6.2017

# ਕੁਝ ਆਪਣੇ ਵੱਲੋਂ

ਮੈਂ 1965 ਵਿਚ ਨੌਵੀਂ ਜਮਾਤ ਵਿਚ ਪੜ੍ਹਦਿਆਂ ਪਹਿਲੀ ਕਵਿਤਾ (ਕਵਿਤਾ ਨਹੀਂ ਐਵੇਂ ਤੁਕਬੰਦੀ) ਲਿਖੀ ਸੀ ਜਿਸ ਦਾ ਪੂਰਾ ਪਾਠ ਤਾਂ ਮੈਨੂੰ ਯਾਦ ਨਹੀਂ, ਪਰ ਮੁਖੜਾ ਧੁੰਦਲਾ ਜਿਹਾ ਅੱਜ ਵੀ ਚੇਤਿਆਂ 'ਚ ਹੈ। ਮੁਖੜਾ ਸੀ, 'ਸੋਹਣੇ ਇਹ ਪੰਜਾਬ ਜਿਹਾ, ਅੰਨ ਦੇ ਭੰਡਾਰ ਜਿਹਾ, ਯੋਧਿਆਂ ਦਾ ਸਾਨੀ, ਇਸ ਜੱਗ ਉੱਤੇ ਕੋਈ ਨਾ। ਝੂਮਦੀਆਂ ਹੀਰਾਂ ਲਈ, ਗੁਰੂਆਂ ਤੇ ਪੀਰਾਂ ਲਈ, ਰੰਗਲੇ ਪੰਜਾਬ ਜਿਹਾ ਖੁੱਲਾ ਦਰ ਕੋਈ ਨਾ।' ਇਸ ਨੂੰ ਲਿਖਣ ਦੀ ਪ੍ਰੇਰਣਾ ਉਸ ਵੇਲੇ ਕਲਾਸ ਵਿਚ ਲੱਗੀ ਕਿਤਾਬ ਤੋਂ ਮਿਲੀ ਸੀ ਜਿਸ ਦਾ ਨਾਂ 'ਸਹਿਤ ਭੂਸ਼ਨ' ਹੁੰਦਾ ਸੀ ਅਤੇ ਜਿਸ ਵਿਚ ਧਨੀ ਰਾਮ ਚਾਤ੍ਰਿਕ, ਪ੍ਰੋ. ਮੋਹਣ ਸਿੰਘ, ਫਿਰੋਜ਼ਦੀਨ ਸ਼ਰਫ, ਅੰਮ੍ਰਿਤਾ ਪ੍ਰੀਤਮ ਅਤੇ ਗੁਰਮੁਖ ਸਿੰਘ ਮੁਸਾਫਿਰ ਜੀ ਦੀਆਂ ਬੜੀਆਂ ਉੱਚ ਪਾਏ ਦੀਆਂ ਕਵਿਤਾਵਾਂ ਸਨ। ਪਹਿਲੀ ਰਚਨਾ ਸ਼ਾਇਦ 1982-83 ਵਿਚ ਕੋਆਪ੍ਰੇਟਿਵ ਮੈਗਜ਼ੀਨ ਵਿਚ ਛਪੀ ਸੀ। ਉਸ ਤੋਂ ਬਾਅਦ 1992 ਤੋਂ ਸੰਤ ਸਿਪਾਹੀ, ਗੁਰਮਤਿ ਪ੍ਰਕਾਸ਼, ਸਿੱਖ ਫੁਲਵਾੜੀ ਤੇ ਸਪੋਕਸਮੈਨ ਅਖ਼ਬਾਰ ਵਿਚ ਧਾਰਮਿਕ ਤੇ ਸਮਾਜਿਕ ਕਵਿਤਾਵਾਂ ਛਪੀਆਂ। ਦਰਜਨ ਕੁ ਦੇ ਕਰੀਬ ਗੀਤ ਰਿਕਾਰਡ ਹੋਏ ਫ਼ੌਜੀ ਰਾਜਪੁਰੀ' ਦੀ ਆਵਾਜ਼ ਵਿਚ। ਫ਼ੌਜੀ ਰਾਜਪੁਰੀ ਦੇ ਦਫ਼ਤਰ ਵਿਚ ਹੀ ਪਹਿਲੀ ਮੁਲਾਕਾਤ ਡਾ. ਗੁਰਵਿੰਦਰ 'ਅਮਨ' ਨਾਲ ਹੋਈ, ਜਿਹਨਾਂ ਨੇ ਕਈ ਵਾਰ ਇਹਨਾਂ ਕਵਿਤਾਵਾਂ ਤੇ ਗੀਤਾਂ ਨੂੰ ਕਿਤਾਬੀ ਸ਼ਕਲ ਦੇਣ ਦੀ ਸਲਾਹ ਦਿੱਤੀ। ਉਹਨਾਂ ਦੀ ਪ੍ਰੇਰਣਾ ਨਾਲ ਹੀ 'ਲੋਕ ਸਹਿਤ ਸੰਗਮ' ਨਾਲ ਜੁੜਿਆ।

ਰਹੀ ਗੱਲ ਤਖੱਲਸ ਦੀ। ਇਕ ਬਹੁਤ ਪਿਆਰੇ ਦੋਸਤ ਸੋਹਣ ਸਿੰਘ ਦੀ ਸ਼ਕਲ ਸੂਰਤ ਕੱਦ-ਕਾਠ ਤੇ ਹਾਵ-ਭਾਵ ਮੇਰੇ ਨਾਲ ਮਿਲਦੇ ਸਨ। ਕਈ ਵਾਰੀ ਬੁਲਾਉਣ ਵਾਲਾ ਭੁਲੇਖੇ ਨਾਲ ਸਾਡੇ ਨਾਂ ਬਦਲ ਕੇ ਆਵਾਜ਼ ਮਾਰ ਬਹਿੰਦਾ ਸੀ। ਉਸ ਦੋਸਤ ਦੀ ਬੇ-ਵਕਤੀ ਮੌਤ ਤੋਂ ਬਾਅਦ ਮੈਂ ਦੋਵੇ ਨਾਂ ਇਕੱਠੇ ਕਰ ਦਿੱਤੇ ਤੇ ਬਣ ਗਿਆ 'ਸੁਰਿੰਦਰ ਸਿੰਘ ਸੋਹਣਾ'। ਪਿੱਛੇ ਵੱਡੇ-ਵਡੇਰੇ ਕੁਰਾਲੀ ਲਾਗੇ ਪਿੰਡ ਰਾਜੇਮਾਜਰੇ ਤੋਂ ਸਨ। ਅੱਜ ਵੀ ਸਾਨੂੰ ਰਾਜੇਮਮਾਜਰੀਏ ਕਹਿਕੇ ਹੀ ਬੁਲਾਉਂਦੇ ਹਨ। ਮੈਂ ਡਾ. ਗੁਰਵਿੰਦਰ 'ਅਮਨ' ਜੀ ਦਾ ਅਤੀ ਧੰਨਵਾਦੀ ਹਾਂ ਜਿਹਨਾਂ ਨੇ ਇਹ ਕਿਤਾਬ ਛਪਾਉਣ ਵਿਚ ਮੈਨੂੰ ਸੇਧ ਤੇ ਮਦਦ ਦਿੱਤੀ ਤੇ ਅਗਵਾਈ ਕੀਤੀ।

ਅੰਤ ਵਿਚ ਮੈਂ ਸਾਡੇ ਬਹੁਤ ਹੀ ਸਤਿਕਾਰਯੋਗ ਪ੍ਰੋ. ਹਰਜੀਤ ਸਿੰਘ ਸੱਧਰ ਜੀ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾ ਹਾਂ ਜਿਹਨਾਂ ਨੇ ਕਾਫ਼ੀ

ਸਮਾਂ ਕੱਢਕੇ ਲਗਾਂ-ਮਾਤਰਾਂ ਅਤੇ ਗੀਤਾਂ ਕਵਿਤਾਵਾਂ ਦੇ ਵਜ਼ਨ ਵਿਚਲੀਆਂ ਤਰੁੱਟੀਆਂ ਦੂਰ ਕੀਤੀਆਂ ਤੇ ਕਿਤਾਬ ਦੀ ਭੂਮਿਕਾ ਲਿਖ ਕੇ ਇਸ ਦਾ ਮੂੰਹ-ਮੁਹਾਂਦਰਾ ਬਣਾਇਆ। ਮੈਂ ਡਾ. ਗੁਰਵਿੰਦਰ ਅਮਨ ਜੀ ਦਾ ਬਹੁਤ ਮਸ਼ਕੂਰ ਹਾਂ ਜਿਨ੍ਹਾਂ ਨੇ ਮੇਰੀ ਜਾਣ-ਪਛਾਣ ਪੰਜਾਬੀ ਦੇ ਸੁਪ੍ਰਸਿੱਧ ਪ੍ਰਕਾਸ਼ਕ ਸਰਦਾਰ ਤਰਲੋਚਨ ਸਿੰਘ ਜੀ ਨਾਲ ਕਰਵਾਈ ਅਤੇ ਉਨ੍ਹਾਂ ਨੇ ਮੇਰੀ ਇਸ ਪੁਸਤਕ ਨੂੰ ਸੋਹਣੀ ਦਿੱਖ ਵਿਚ ਛਾਪ ਕੇ ਪਾਠਕਾਂ ਦੇ ਸਨਮੁਖ ਕੀਤਾ।

ਸ਼ੁਭਚਿੰਤਕਾਂ ਤੇ ਸੁਨੇਹੀਆਂ ਦੀ ਉਡੀਕ ਵਿਚ ਤੁਹਾਡਾ ਆਪਣਾ...

- **ਸੁਰਿੰਦਰ ਸਿੰਘ ਸੋਹਣਾ**
ਰਾਜੇ ਮਾਜਰੀਆ
936/29, ਬਾਬਾ ਦੀਪ ਸਿੰਘ ਕਲੋਨੀ,
ਰਾਜਪੁਰਾ-140401, ਜ਼ਿਲ੍ਹਾ ਪਟਿਆਲਾ
ਮੋ: 94175-44400

# ਤਤਕਰਾ


| | | |
|---|---|---|
| 1. | ਧੁਰ ਕੀ ਬਾਣੀ ਨੇ | 19 |
| 2. | ਨਾਨਕ ਅਵਤਾਰ | 21 |
| 3. | ਬਾਜਾਂ ਵਾਲੇ ਨੇ | 24 |
| 4. | ਤੱਤੀ ਲੋਹ | 27 |
| 5. | ਕਿੰਨੇ ਕਹਿਰ ਦੇ ਦਿਹਾੜੇ | 29 |
| 6. | ਸਿੱਖੀ ਦਾ ਬਗੀਚਾ | 31 |
| 7. | ਗੁਰ ਉਸਤਤਿ | 33 |
| 8. | ਬੁੱਝੋ ਅੜੀਓ | 36 |
| 9. | ਅੰਮ੍ਰਿਤ | 37 |
| 10. | ਨਿੱਕੇ ਬੱਚਿਆਂ ਦਾ ਜੋੜਾ | 39 |
| 11. | ਭੇਖੀ ਗੁਰੂ | 41 |
| 12. | ਜੋੜੀ ਦਸਮ ਪਿਤਾ ਦੇ ਲਾਲਾਂ ਦੀ | 45 |
| 13. | ਪੰਥ ਕੀ ਜੀਤ | 47 |
| 14. | ਹਿੰਦ ਦੀ ਚਾਦਰ | 49 |
| 15. | ਨਹੀਂ ਗੁਰੂ ਬਿਨਾਂ ਗੱਤ | 51 |
| 16. | ਜਿੱਤਿਆ ਸਬਰ | 53 |
| 17. | ਧਰਤੀ ਸ਼ਹੀਦਾਂ ਦੀ | 56 |
| 18. | ਪੰਜ ਕੱਕੇ | 58 |
| 19. | ਹਰਿਮੰਦਰ ਸਾਹਿਬ | 60 |
| 20. | ਸੱਚ ਅੱਗੇ ਹਾਰ ਗਈਆਂ | 62 |
| 21. | ਇਹ ਅਮਰ ਸ਼ਹੀਦੀ | 64 |
| 22. | ਕਰਤੇ ਨੂੰ ਪੂਜੋ | 66 |
| 23. | ਸੋ ਕਿਉਂ ਮੰਦਾ ਆਖੀਐ | 68 |
| 24. | ਬੇਦਾਵਾ | 70 |
| 25. | ਝੁਕਦੇ ਨਹੀਂ ਅਸੀਂ | 72 |

| | | |
|---|---|---|
| 26. | ਦਸਮੇਸ ਵਰਗਾ | 74 |
| 27. | ਕਹਿੰਦੀ ਸਤਿਗੁਰ ਦੀ ਬਾਣੀ | 76 |
| 28. | ਹੋਇਆ ਕੀ ਜੇ ਚਾਰ ਮਰ ਗਏ | 78 |
| 29. | ਰੁਬਾਈਆਂ | 80 |
| 30. | ਕੋਈ ਰੀਸ ਨਹੀਂ ਕਰ ਸਕਦਾ | 82 |
| 31. | ਵੇਖਾਂ ਕਿੰਨਾਂ ਤੈਨੂੰ ਸਿਦਕ ਪਿਆਰਾ | 84 |
| 32. | ਸੱਚ ਸਾੜਿਆ ਜਾਣਾ ਨਹੀਂ | 86 |
| 33. | ਕਿਹੜਾ ਕਹਿਰ ਜ਼ਮਾਨੇ ਦਾ | 88 |
| 34. | ਹੋਰ ਮਹਾਰਾਜ | 90 |
| 35. | ਗੰਗਾ ਤੇ ਗੁਜਰੀ | 93 |
| 36. | ਤੇਰਾ ਬ੍ਰਿਹੜਾ ਲੱਗਦਾ ਕਮਾਲ | 95 |
| 37. | ਘਰ ਅਪਣੇ ਵੀ ਨਾ ਸਿੱਖੀ | 96 |
| 38. | ਅੱਥਰੂ ਨਾ ਸੁੱਟਿਆ | 98 |
| 39. | ਮੇਰੇ ਸਤਿਗੁਰ ਤੇਰੀ ਸੇਵਾ | 100 |
| 40. | ਧੰਨ ਧੰਨ ਮਾਤਾ ਗੁਜਰੀ | 102 |
| 41. | ਠਾਹ ਬਾਲਟਾ ਪਾਣੀ ਦਾ | 104 |
| 42. | ਫੇਰ ਕਹਿੰਦੇ ਸਿੱਖ ਹਾਂ ਅਸੀਂ | 106 |
| 43. | ਇੱਟ ਪੁੱਟਿਆਂ ਬਾਬਾ ਬੋਲੇ | 109 |
| 44. | ਸਾਰੇ ਇੱਕੋ ਰੱਬ ਦੇ ਨਾਂ | 111 |

## ਧੁਰ ਕੀ ਬਾਣੀ ਨੇ

ਸੱਚੋ ਸੱਚ ਫੁਰਮਾਇਆ, ਧੁਰ ਕੀ ਬਾਣੀ ਨੇ।
ਝੂਠ ਨੂੰ ਮਾਰ ਮੁਕਾਇਆ, ਧੁਰ ਕੀ ਬਾਣੀ ਨੇ।

ਕੂੜ ਕਪਟ ਵਿਚ ਸੜਦੀ ਬਲ਼ਦੀ ਸ੍ਰਿਸ਼ਟੀ ਤੇ,
ਅੰਮ੍ਰਿਤ ਜਲ ਵਰਸਾਇਆ ਧੁਰ ਕੀ ਬਾਣੀ ਨੇ।
ਏਕੋ ਹੈ ਭਾਈ ਏਕੋ ਹੈ, ਸਭ ਏਕੋ ਹੈ,
ਇਕੋ ਦੇ ਲੜ ਲਾਇਆ, ਧੁਰ ਕੀ ਬਾਣੀ ਨੇ।

ਜਟਾਂ ਵਧਾਇਆਂ ਧੂਣੀ ਲਾਇਆਂ ਮਿਲਦਾ ਨਾ,
ਭਰਮ ਭੁਲੇਖਾ ਲਾਹਿਆ, ਧੁਰ ਕੀ ਬਾਣੀ ਨੇ।
ਜੰਗਲੀ ਲੱਭਦੇ ਫਿਰਦੇ ਲੋਕੀਂ ਕਰਤੇ ਨੂੰ,
ਕਾਇਆ ਵਿਚ ਦਰਸਾਇਆ, ਧੁਰ ਕੀ ਬਾਣੀ ਨੇ।

ਕੀ ਛੀਂਬੇ, ਦਲਿੱਤ, ਜੁਲਾਹੇ ਨਾਈਆਂ ਨੂੰ,
ਨੀਚੋਂ ਊਚ ਬਣਾਇਆ, ਧੁਰ ਕੀ ਬਾਣੀ ਨੇ।
ਅਮਲ ਬਣਾਉਂਦੇ ਵੱਡਾ ਛੋਟਾ ਬੰਦੇ ਨੂੰ,
ਜਾਤੀ ਭੇਟ ਮਿਟਾਇਆ, ਧੁਰ ਕੀ ਬਾਣੀ ਨੇ।

ਭੁੱਲ ਗਈ ਸੀ ਦੁਨੀਆਂ ਧ੍ਰੂ ਪ੍ਰਹਿਲਾਦਾਂ ਨੂੰ,
ਭਗਤਾਂ ਨੂੰ ਵਡਿਆਇਆ, ਧੁਰ ਕੀ ਬਾਣੀ ਨੇ।
ਨਾ ਰਿਹਾ ਹਰਨਾਖਸ਼ ਨਾ ਰਾਵਣ ਵਰਗੇ
ਹਉਮੇ ਨੂੰ ਸਮਝਾਇਆ, ਧੁਰ ਕੀ ਬਾਣੀ ਨੇ।

ਨਾਰੀ ਨਿਰੀ ਪੈਰ ਦੀ ਜੁੱਤੀ ਨਹੀਂ ਨਰੋ,
ਨਰ ਦੇ ਖਾਨੇ ਪਾਇਆ, ਧੁਰ ਕੀ ਬਾਣੀ ਨੇ।
ਭਗਤ, ਸੂਰਮੇ, ਰਾਜਨ ਉਪਜੇ ਨਾਰੀ ਤੋਂ,
ਊਚੀ ਕੂਕ ਸੁਣਾਇਆ, ਧੁਰ ਕੀ ਬਾਣੀ ਨੇ।

ਸੁਣਕੇ ਬਾਣੀ ਗਈ ਕੁੜੱਤਣ ਰੀਠੇ ਦੀ,
ਅੱਕੋ ਸ਼ਹਿਦ ਚੁਆਇਆ, ਧੁਰ ਕੀ ਬਾਣੀ ਨੇ।

ਵੈਦ ਧੰਨਤਰ ਦਾ ਨਾ ਨੁਸਖਾ ਕੰਮ ਆਇਆ,
ਵਿੱਚੋਂ ਰੋਗ ਗਵਾਇਆ, ਧੁਰ ਕੀ ਬਾਣੀ ਨੇ।

ਰਾਜਿਆਂ ਤਾਈਂ ਸ਼ੀਂਹ ਅਤੇ ਮੁਕੱਦਮਾ ਨੂੰ,
'ਕੁੱਤੇ' ਸੀ ਫੁਰਮਾਇਆ ਧੁਰ ਕੀ ਬਾਣੀ ਨੇ।
ਪਿੱਛੋਂ ਹਰ ਕੋਈ ਪਾਪੀ ਆਖੇ ਪਾਪੀ ਨੂੰ,
ਮੂੰਹ ਤੇ ਆਖ ਸੁਣਾਇਆ, ਧੁਰ ਕੀ ਬਾਣੀ ਨੇ।

ਕਿਧਰੇ ਆਦਮ-ਖਾਣੇ ਕੌਡੇ ਰਾਖਸ਼ ਨੂੰ,
ਸਿੱਧੇ ਰਸਤੇ ਪਾਇਆ, ਧੁਰ ਕੀ ਬਾਣੀ ਨੇ।
ਛੱਡ ਬੁਰਿਆਈਆਂ 'ਸੱਜਣ' ਨੂਰੋ ਨੂਰ ਹੋਇਆ,
ਐਸਾ 'ਸੱਜਣ' ਮਿਲਾਇਆ, ਧੁਰ ਕੀ ਬਾਣੀ ਨੇ।

ਨਾ ਨੇਜਾ ਨਾ ਬਰਛੀ ਨਾ ਤਲਵਾਰ ਕੋਈ,
ਸ਼ਬਦ ਨਾਲ ਡਰਾਇਆ, ਧੁਰ ਕੀ ਬਾਣੀ ਨੇ।
'ਖੁਰਾਸਾਨ ਖ਼ਸਮਾਨਾ ਕੀਆ', ਆਖ ਕਦੇ,
ਜਾਬਰ ਕੰਬਣ ਲਾਇਆ, ਧੁਰ ਕੀ ਬਾਣੀ ਨੇ।

ਜੋਗ, ਚਲੀਹੇ, ਸਨਿਆਸਾਂ ਦੀ ਲੋੜ ਨਹੀਂ,
ਸਹਿਜੇ ਮੇਲ ਕਰਾਇਆ, ਧੁਰ ਕੀ ਬਾਣੀ ਨੇ।
ਨਾ ਈਸਰ ਨਾ ਬ੍ਰਹਮਾ, ਬਿਸ਼ਨ, ਮਹੇਸ਼ ਕੋਈ
ਇਕ 'ਕਰਤੇ' ਨੂੰ ਧਿਆਇਆ, ਧੁਰ ਕੀ ਬਾਣੀ ਨੇ।

ਜਦ ਜਦ ਸੰਗਤੇ ਗੁਰੂ-ਪੰਥ ਤੇ ਭੀੜ ਪਈ,
ਗਾਡੀ ਰਾਹ ਵਿਖਾਇਆ, ਧੁਰ ਕੀ ਬਾਣੀ ਨੇ।
ਕਰਕੇ ਉੱਦਮ ਇਕ ਵਾਰੀ ਅਜ਼ਮਾ ਲੈ ਤੂੰ,
ਰਾਹੀਆ ਰਾਹ ਰੁਸ਼ਨਾਇਆ, ਧੁਰ ਕੀ ਬਾਣੀ ਨੇ।

ਓਟ ਤਕਾਈ ਬਾਣੀ ਦੀ ਜਿਸ ਨੇ, ਉਸਨੂੰ
ਕੁੰਦਨ ਰੂਪ ਬਣਾਇਆ, ਧੁਰ ਕੀ ਬਾਣੀ ਨੇ।
'ਸੋਹਣੇ' ਰਾਜੇਮਾਜਰੀਏ ਨੂੰ ਕੌਣ ਪੁੱਛੇ,
ਇੱਜ਼ਤ ਮਾਣ ਵਧਾਇਆ, ਧੁਰ ਕੀ ਬਾਣੀ ਨੇ।

ਸੱਚੋ ਸਚ ਫੁਰਮਾਇਆ, ਧੁਰ ਕੀ ਬਾਣੀ ਨੇ।
ਝੂਠ ਨੂੰ ਮਾਰ ਮੁਕਾਇਆ, ਧੁਰ ਕੀ ਬਾਣੀ ਨੇ।

## ਨਾਨਕ ਅਵਤਾਰ

ਕੋਟੀਂ ਕੋਟ ਕੋਟ ਭੁੱਲੇ,
ਫਿਰਦੇ ਸੀ ਜਿਮੀਂ ਉੱਤੇ,
ਵਿਰਲੇ ਸ਼ੁਦਾਈ ਸਨ
ਇੱਕ ਓਂਕਾਰ ਦੇ।

ਜੋਗੀ, ਜਤੀ, ਨਾਥ ਉਹਨੂੰ,
ਭਾਲਦੇ ਸੀ ਜੰਗਲਾਂ 'ਚ,
ਕਈ ਸਨ ਪੱਥਰਾਂ ਦੀ,
ਆਰਤੀ ਉਤਾਰਦੇ।

ਪਾਪ ਪ੍ਰਧਾਨ ਹੋਇਆ,
ਸੁਣੇ ਨਾ ਪੁਕਾਰ ਕੋਈ,
ਲੋਕੀਂ ਸਨ 'ਬਹੁੜੀ' ਰੱਬਾ,
ਬਹੁੜੀ ਵੇ ਪੁਕਾਰਦੇ।

ਸੱਚ ਦਾ ਪੁਜਾਰੀ ਉਦੋਂ,
ਵਿੱਚ ਤਲਵੰਡੀ ਆਇਆ,
ਸੁਣੋ ਸੋਹਿਲੇ ਗਾਉਂਦਾ ਹਾਂ ਮੈਂ,
ਨਾਨਕ ਅਵਤਾਰ ਦੇ।

ਗੁਰੂ ਨੂੰ ਪੜ੍ਹਾਉਂਦਾ ਪਾਧਾ,
ਖ਼ੁਦ ਪੱਟੀ ਭੁੱਲ ਗਿਆ,
ਕਰ ਲਏ ਦਿਦਾਰੇ ਜਦੋਂ,
ਨਾਨਕ ਨਿਰੰਕਾਰ ਦੇ।

ਮੁੱਲਾਂ ਆਖੇ ਧੁਰੋਂ ਪੜ੍ਹੇ-ਲਿਖੇ,
ਨੂੰ ਪੜ੍ਹਾਏ ਕਿਹੜਾ,
ਮੈਥੋਂ ਨਹੀਓਂ ਕੰਨ,
ਖਿੱਚੇ ਜਾਂਦੇ ਦਾਤਾਰ ਦੇ।

ਕਿਸੇ ਕਿਹਾ ਰਾਜਿਆ,
ਲੁੱਟ ਲੁੱਟ ਖਾ ਗਏ ਤੈਨੂੰ,
'ਤੇਰਾਂ' ਦੀ ਥਾਂ ਤੇ ਜੋ,
'ਤੇਰਾ' ਨੇ ਪੁਕਾਰਦੇ।

ਪੁੱਛ ਪੜਤਾਲ ਪਿੱਛੋਂ,
ਦੂਣਾਂ ਚੌਣਾ ਲਾਭ ਹੋਇਆ,
ਹੱਕੇ ਬੱਕੇ ਰਹਿ ਗਏ,
ਅਹਿਲਕਾਰ ਦਰਬਾਰ ਦੇ।

ਹਲਵੇ 'ਚੋਂ ਰੱਤ ਕੱਢ,
ਰੋਕ ਕੇ ਪਹਾੜ ਤਾਈਂ,
ਤੋੜ ਦਿੱਤੇ ਮਾਣ ਉਹਨੇ,
ਭਾਗੋ ਤੇ ਕੰਧਾਰ ਦੇ।

ਕੋਧਰੇ 'ਚੋਂ ਦੁੱਧ ਕੱਢ,
ਕਿਰਤੀ ਨੂੰ ਮਾਣ ਦਿੱਤਾ,
ਓਹੋ ਭਾਏ ਉਹਨੂੰ ਜਿਹੜੇ,
ਸੁੱਚੇ ਸੀ ਵਿਹਾਰ ਦੇ।

ਜ਼ੱਰੇ ਜ਼ੱਰੇ ਵਿਚ ਅੱਲਾ,
ਕਾਜੀ ਨੂੰ ਵਿਖਾਉਣ ਲਈ,
ਕਦੇ ਗੁਰੂ ਪੈਰ ਕਾਅਬੇ,
ਵੱਲ ਸੀ ਪਸਾਰਦੇ।

ਭਰਮਾਂ ਦੀ ਫਾਹੀ ਗਲੋਂ,
ਭੁਲਿਆਂ ਦੇ ਲਾਹੁਣ ਲਈ,
ਚੁੱਕ ਚੁੱਕ ਪਾਣੀ ਕਦੇ,
ਲਹਿੰਦੇ ਵੱਲ ਮਾਰਦੇ।

ਵੇਖਕੇ ਅਕਾਲ ਜੋਤ,
ਬਾਬਰ ਨੇ ਖਿਮਾਂ ਮੰਗੀ,
ਮੋਮ ਬਣ ਗਏ ਸਾਂਹਵੇਂ
ਧਨੀ ਤਲਵਾਰ ਦੇ।

ਨਿਰਧਨ ਨਿਤਾਣਿਆਂ ਦੇ,
ਸਦਾ ਅੰਗ ਸੰਗ ਰਹੇ,
ਅਪਣੀ ਪੁਆਏ ਝੋਲੀ,
ਦੁੱਖ ਸੰਸਾਰ ਦੇ।

ਬਾਬਰ ਦਾ ਕਹਿਰ ਵੇਖ,
ਰੱਬ ਨੂੰ ਉਲਾਂਭਾ ਦਿੱਤਾ,
ਜੱਗ ਦੀ ਭਲਾਈ ਲਈ,
ਰਹੇ ਆਪਾ ਵਾਰਦੇ।

ਅਪਣੇ ਤੇ ਜਦੋਂ ਭੀੜ,
ਬਣੀ ਹੱਸ ਆਖ ਦਿੱਤਾ,
'ਵੇਖ ਮਰਦਾਨਿਆ
ਰੰਗ ਕਰਤਾਰ ਦੇ।'

ਸਾਰਿਆਂ ਹੀ ਜੀਆਂ ਵਿਚ,
ਇਕੋ ਜੋਤ ਵੱਸਦੀ ਏ,
ਕਹਿਣ ਵਾਲੇ ਕਦੇ,
ਊਚ ਨੀਚ ਨਾ ਵਿਚਾਰਦੇ।

ਜਾਤ ਪਾਤ ਤੱਕੀ ਨਹੀਓਂ
ਤੱਕੇ ਬੱਸ ਸ਼ੁਭ-ਗੁਣ,
ਸਾਥੀ ਮਰਦਾਨੇ ਅਤੇ
ਲਾਲੋ ਜਿਹੇ ਯਾਰ ਦੇ।

ਜਿੱਤ ਜਾਂਦੇ ਉਹ ਜਿਹੜੇ,
ਔਗਣਾਂ ਤੇ ਜਿੱਤ ਪਾਉਣ,
ਹਾਰ ਜਾਂਦੇ ਉਹ ਜਿਹੜੇ,
ਮਨ ਕੋਲੋਂ ਹਾਰਦੇ।

ਸ਼ਸਤਰਾਂ ਦੇ ਨਾਲ ਨਹੀਂ,
ਜਹਾਨ ਜਿੱਤ ਹੁੰਦਾ 'ਸੋਹਣੇ',
ਜਿੱਤ ਲੈਂਦੇ ਜੱਗ ਜਿਹੜੇ,
ਹਉਮੈ ਤਾਈਂ ਮਾਰਦੇ।

## ਬਾਜਾਂ ਵਾਲੇ ਨੇ

ਗਿਦੜੋਂ ਸ਼ੇਰ ਬਣਾਇਆ, ਬਾਜਾਂ ਵਾਲੇ ਨੇ।
ਚਿੜੀਓਂ ਬਾਜ ਤੁੜਾਇਆ, ਬਾਜਾਂ ਵਾਲੇ ਨੇ।

ਗੁਰੂ ਪਿਤਾ ਦੀ ਰੱਜ ਰੱਜਕੇ, ਨਾ ਛਾਂ ਮਾਣੀ,
ਨਾ ਕੋਈ ਲਾਡ ਲਡਾਇਆ, ਬਾਜਾਂ ਵਾਲੇ ਨੇ।
ਪਿਤਾ ਤੋਰ ਕੇ ਹੱਥੀਂ ਆਪ, ਸ਼ਹਾਦਤ ਲਈ,
ਹਿੰਦੂ ਧਰਮ ਬਚਾਇਆ, ਬਾਜਾਂ ਵਾਲੇ ਨੇ।

'ਰੰਘਰੇਟੇ ਗੁਰੂ ਕੇ ਬੇਟੇ' ਕਹਿ ਭਾਈ ਜੈਤੇ ਨੂੰ,
ਘੁੱਟ ਕੇ ਗਲ ਨਾਲ ਲਾਇਆ, ਬਾਜਾਂ ਵਾਲੇ ਨੇ।
ਭੁੱਬੀਂ ਰੋਂਦੀ ਨਗਰੀ, ਜਦ ਗੁਰੂ ਪਿਤਾ ਦਾ,
ਝੋਲੀ ਸੀਸ ਪੁਆਇਆ, ਬਾਜਾਂ ਵਾਲੇ ਨੇ।

ਚਿਹਰਾ ਸੁਰਖ ਤੇ ਨੇਤਰ, ਹੋਏ ਲਾਲ, ਜਦੋਂ,
'ਸੀਸ' ਨੂੰ ਸੀਸ ਝੁਕਾਇਆ, ਬਾਜਾਂ ਵਾਲੇ ਨੇ।
ਵੰਗਾਰ ਤੇਰੀ ਕਬੂਲ ਔਰੰਗਿਆ ਮੈਨੂੰ ਵੇ,
ਤਾਂ ਸੀ ਪੰਥ ਸਜਾਇਆ, ਬਾਜਾਂ ਵਾਲੇ ਨੇ।

ਧੋਬੀ, ਛੀਂਬੇ, ਝਿਉਰ, ਜੁਲਾਹੇ, ਨਾਈਆਂ ਨੂੰ,
ਨੀਚੋਂ ਊਚ ਬਣਾਇਆ, ਬਾਜਾਂ ਵਾਲੇ ਨੇ।
ਮੁਰਦੇ 'ਮਰਦ' ਬਣਾਏ ਮਰਦ ਅਗੰਮੜੇ ਨੇ,
ਅੰਮ੍ਰਿਤ ਜਦੋਂ ਛਕਾਇਆ, ਬਾਜਾਂ ਵਾਲੇ ਨੇ।

ਲੁਕ ਲੁਕ ਜੀਣੇ ਨਾਲੋਂ, ਮਰਨਾ ਚੰਗਾ ਏ,
ਦੁਨੀਆਂ ਨੂੰ ਸਮਝਾਇਆ, ਬਾਜਾਂ ਵਾਲੇ ਨੇ।
ਲੱਖ ਲੁਕਾਈਏ ਲੱਖਾਂ ਵਿਚ, ਸਿੰਘ ਲੁਕਦਾ ਨਹੀਂ
ਐਸਾ ਰੰਗ ਚੜ੍ਹਾਇਆ, ਬਾਜਾਂ ਵਾਲੇ ਨੇ।

ਮਾਣ ਬਖ਼ਸ਼ਿਆ ਜੌਹਰ ਅਤੇ ਕਰਤੱਬਾ ਨੂੰ,
ਮੁੱਲ ਕਲਾ ਦਾ ਪਾਇਆ, ਬਾਜਾਂ ਵਾਲੇ ਨੇ।
ਕਵੀ, ਕਵੀਸਰ, ਢਾਡੀ, ਗਜਲਗੋਆਂ ਨੂੰ,
ਰੁਤਬੇ ਦੇ ਵਡਿਆਇਆ, ਬਾਜਾਂ ਵਾਲੇ ਨੇ।

ਮਾੜੇ ਕਰਮ ਕਮਾਉਂਦੇ ਹੋਏ ਮਸੰਦਾਂ ਨੂੰ,
ਹੱਥੀਂ ਲਾਂਬੂੰ ਲਾਇਆ, ਬਾਜਾਂ ਵਾਲੇ ਨੇ।
ਪਰ ਜਦ ਲੋੜ ਪਈ ਤਾਂ ਏਸੇ ਸਿੱਖੀ ਤੋਂ,
ਸਭ ਸਰਬੰਸ ਲੁਟਾਇਆ ਬਾਜਾਂ ਵਾਲੇ ਨੇ।

ਜੋਗਾ ਸਿੰਘ ਛੱਡ ਲਾਵਾਂ, ਤੁਰ ਪਿਆ ਅਨੰਦਪੁਰ ਨੂੰ,
ਜਦ ਸੀ ਆਖ ਬੁਲਾਇਆ, ਬਾਜਾਂ ਵਾਲੇ ਨੇ।
ਮਾਣ ਮੱਤੇ ਗੁਰਸਿੱਖ ਦਾ ਮਾਣ ਮਿਟਾਉਣ ਲਈ,
ਕੀ ਕੌਤਕ ਵਰਤਾਇਆ ਬਾਜਾਂ ਵਾਲੇ ਨੇ।

ਪਹਿਰੇਦਾਰ ਖੜਾਇਆ 'ਡਰ' ਦਾ ਪਹਿਰੇ ਤੇ,
ਕਾਮ ਤੋਂ ਸਿੰਘ ਛੁਡਾਇਆ, ਬਾਜਾਂ ਵਾਲੇ ਨੇ।
ਜੇ ਤੂੰ ਮੇਰੇ ਜੋਗਾ ਤਾਂ ਗੁਰ ਤੁਧ ਜੋਗਾ,
ਗੁੱਝਾ ਭੇਦ ਸਮਝਾਇਆ ਬਾਜਾਂ ਵਾਲੇ ਨੇ।

ਪਹੁਲ ਖੰਡੇ ਦੀ ਪਿਆ ਕੇ ਗਲ ਅਨਹੋਣੀ ਨੂੰ,
ਹੋਣੀ ਕਰ ਵਖਾਇਆ, ਬਾਜਾਂ ਵਾਲੇ ਨੇ।
ਬੜੀ ਬਚਿੱਤਰ ਗੱਲ, ਬਚਿੱਤਰ ਸਿੰਘ ਤਾਈਂ,
ਹਾਥੀ ਨਾਲ ਲੜਾਇਆ, ਬਾਜਾਂ ਵਾਲੇ ਨੇ।

ਦੁੱਖ ਸੁੱਖ ਅੰਦਰ ਛੱਡਣਾ ਨਹੀਂ ਲੜ ਧੀਰਜ ਦਾ,
ਕਹਿਕੇ ਬੋਲ ਪੁਗਾਇਆ, ਬਾਜਾਂ ਵਾਲੇ ਨੇ।
ਜੰਗ-ਯੁੱਧਾਂ ਵਿਚ ਜੁਝਦਿਆਂ ਵੀ ਉੱਚੀ ਸੁਰ,
ਪ੍ਰਭੂ ਦਾ ਨਾਮ ਧਿਆਇਆ, ਬਾਜਾਂ ਵਾਲੇ ਨੇ।

ਚਮਕੌਰ ਗੜ੍ਹੀ 'ਚੋਂ ਨਿਕਲਦਿਆਂ ਪੰਜ ਸਿੱਖਾਂ ਨੂੰ,
ਹੈ ਸੀ ਸੀਸ ਝੁਕਾਇਆ, ਬਾਜਾਂ ਵਾਲੇ ਨੇ।
ਹੁਕਮ ਮੰਨਕੇ ਅਪਣੇ ਪੰਥ ਪਿਆਰੇ ਦਾ,
ਗੁਰ-ਚੇਲਾ ਅਖਵਾਇਆ, ਬਾਜਾਂ ਵਾਲੇ ਨੇ।

ਕੁਲ ਚੱਲਦੀ ਏ ਬੱਚਿਆਂ ਸੰਗ ਐਪਰ ਲੋਕੋ,
ਇਕ ਨਾ ਲਾਲ ਬਚਾਇਆ, ਬਾਜਾਂ ਵਾਲੇ ਨੇ।
'ਚਾਰ ਮੋਏ ਕੀ ਹੋਇਆ, ਜਿਉਂਦੇ ਲੱਖਾਂ ਨੇ',
ਹੱਸਕੇ ਸੀ ਫੁਰਮਾਇਆ ਬਾਜਾਂ ਵਾਲੇ ਨੇ।

ਐਨਾ ਕੁਝ ਖੋ ਕੇ ਵੀ ਆਪਾ ਖੋਇਆ ਨਾ,
ਨਾ ਕੋਈ ਸੋਗ ਮਨਾਇਆ, ਬਾਜਾਂ ਵਾਲੇ ਨੇ।
ਮਾਪੇ, ਪੁੱਤਰ ਵਾਰ ਕੇ ਉਲਟਾ ਦਾਤੇ ਦਾ,
ਲੱਖ ਲੱਖ ਸ਼ੁਕਰ ਮਨਾਇਆ, ਬਾਜਾਂ ਵਾਲੇ ਨੇ।

ਜੋੜਾ, ਘੋੜਾ, ਤਖਤ ਗਵਾ ਵਿਚ ਜੰਗਲ ਦੇ,
ਭੁੰਜੇ ਆਸਣ ਲਾਇਆ, ਬਾਜਾਂ ਵਾਲੇ ਨੇ।
ਹੋ ਸੁਰਖਰੂ ਅਪਣੇ 'ਮਿਤ੍ਰ ਪਿਆਰੇ' ਨੂੰ,
ਗਾ ਕੇ ਹਾਲ ਸੁਣਾਇਆ, ਬਾਜਾਂ ਵਾਲੇ ਨੇ।

ਮੇਰਾ ਸਿੰਘ ਨਾ ਭਟਕੇ ਮੜ੍ਹੀਆਂ, ਕਬਰਾਂ ਤੇ,
ਜੁਗਤ ਨਾਲ ਹਟਾਇਆ, ਬਾਜਾਂ ਵਾਲੇ ਨੇ।
ਜੁਗੋ ਜੁਗ ਅਟੱਲ ਗੁਰੂ ਗ੍ਰੰਥ ਸਾਹਿਬ,
ਦੇ ਤਾਹੀਓਂ ਲੜ ਲਾਇਆ, ਬਾਜਾਂ ਵਾਲੇ ਨੇ।

ਕਹਿਣੀ ਤੇ ਕਰਨੀ ਵਿਚ ਰਤਾ ਭੇਦ ਨਹੀਂ,
ਕਹਿਕੇ ਕਰ ਵਖਾਇਆ, ਬਾਜਾਂ ਵਾਲੇ ਨੇ।
ਲੱਖਾਂ ਦੇ ਨਾਲ ਇਕ ਲੜਾਕੇ ਤਾਂ 'ਸੋਹਣੇ',
ਗੋਬਿੰਦ ਸਿੰਘ ਅਖਵਾਇਆ, ਬਾਜਾਂ ਵਾਲੇ ਨੇ।

ਗਿਦੜੋਂ ਸ਼ੇਰ ਬਣਾਇਆ, ਬਾਜਾਂ ਵਾਲੇ ਨੇ।
ਚਿੜੀਓਂ ਬਾਜ ਤੁੜਾਇਆ, ਬਾਜਾਂ ਵਾਲੇ ਨੇ।

# ਤੱਤੀ ਲੋਹ

ਅੱਗ ਲਟ ਲਟ ਬਲ੍ਹੇ,
ਰੇਤਾ ਗਰਮ ਬੜਾ
ਲੋਹਾ ਤੱਤੀਆਂ ਤੇ ਬੈਠੇ,
ਗੁਰੂ ਲਾਈ ਚੌਂਕੜਾ।

ਇਕ ਜੇਠ ਦਾ ਮਹੀਨਾ,
ਦੂਜਾ ਅਗਨੀ ਦਾ ਸੇਕ।
ਬੈਠੇ ਤਵੀ ਉੱਤੇ ਆਣ,
ਰੱਖ ਵਾਹਿਗੁਰੂ ਤੇ ਟੇਕ।
ਛਾਲੇ ਛਾਲੇ ਹੋਇਆ ਪਿੰਡਾ,
ਲੀਰੋ ਲੀਰ ਕੱਪੜਾ।
ਲੋਹਾ ਤੱਤੀਆਂ ਤੇ ਬੈਠੇ
ਗੁਰੂ ਲਾਈ ਚੌਂਕੜਾ।

ਇਹ ਤੱਕ ਕੇ ਤਸੀਹਾ,
ਰੂਹ ਅੰਬਰਾਂ ਦੀ ਰੋਈ।
ਐਸੀ ਦਰਦ ਕਹਾਣੀ,
ਕਦੇ ਹੋਏਗੀ ਨਾ ਹੋਈ।
ਨੂੰਹ ਚੰਦੂ ਦੀ ਰੋਵੇ,
ਮਾਰੇ ਦੋ-ਹੱਥੜਾ
ਲੋਹਾ ਤੱਤੀਆਂ ਤੇ ਬੈਠੇ,
ਗੁਰੂ ਲਾਈ ਚੌਂਕੜਾ।

ਕੰਡਾ ਪਾਪੀਆ ਦਾ ਕੱਢਾਂ,
ਮੋੜਾਂ ਖੁਦਾ ਦੀ ਖੁਦਾਈ।
ਦੇਵੋ ਹੁਕਮ ਹਜ਼ੂਰ
ਕਹਿੰਦਾ ਮੀਆਂ ਮੀਰ ਸਾਈਂ।
ਕਰਾਂ ਦਿੱਲੀ ਤੇ ਲਹੌਰ,

ਇਕ ਪਲ 'ਚ ਰੜਾ।
ਲੋਹਾ ਤੱਤੀਆਂ ਤੇ ਬੈਠੇ
ਗੁਰੂ ਲਾਈ ਚੌਂਕੜਾ।

ਗੁਰਾਂ ਕਿਹਾ ਮੀਆਂ ਮੀਰ,
ਅਸੀਂ ਹੱਥ ਨਹੀਂ ਉਠਾਉਣਾ।
ਜਿਵੇਂ ਰੱਖ ਤਿਵੇਂ ਰਹੀਏ,
ਉਹਦਾ ਮਿੱਠਾ ਲਗੇ ਭਾਣਾ।
ਕਾਹਤੋਂ ਅੱਖਾਂ ਭਰ ਲਈਆਂ,
ਰਤਾ ਹੋ ਤਕੜਾ।
ਲੋਹਾ ਤੱਤੀਆਂ ਤੇ ਬੈਠੇ,
ਗੁਰੂ ਲਾਈ ਚੌਂਕੜਾ।

ਸਦਾ ਜ਼ੁਲਮ ਨਾ ਰਿਹਾ,
ਸਦਾ ਜਾਲਮ ਨਾ ਰਹਿਣ।
ਭੰਨੂ ਜਾਲਮਾਂ ਦੇ ਸਿਰ,
ਮੀਰੀ ਪੀਰੀ ਗਲ ਪਹਿਨ।
ਤੌਬਾ ਤੌਬਾ ਕਰੂ ਪਾਪੀ,
ਐਸਾ ਲਾਊ ਰਗੜਾ।
ਲੋਹਾ ਤੱਤੀਆਂ 'ਤੇ ਬੈਠੇ,
ਗੁਰੂ ਲਾਈ ਚੌਂਕੜਾ।

'ਸੋਹਣੇ' ਦੇਂਦੀ ਏ ਗਵਾਹੀ,
ਰਾਵੀ ਗਮਾਂ ਵਿਚ ਡੁੱਬੀ।
ਤੱਕ ਅੰਤ ਸਮਾਂ ਨੇੜੇ,
ਜਿੱਥੇ ਗੁਰਾਂ ਲਈ ਟੁੱਭੀ।
ਉੱਥੇ ਬਣ ਪਹਿਰੇਦਾਰ,
ਡੇਹਰਾ ਸਾਹਿਬ ਹੈ ਖੜਾ।
ਲੋਹਾ ਤੱਤੀਆਂ ਤੇ ਬੈਠੇ,
ਗੁਰੂ ਲਾਈ ਚੌਂਕੜਾ।

## ਕਿੰਨੇ ਕਹਿਰ ਦੇ ਦਿਹਾੜੇ

ਹਰ ਕਦਮ ਤੇ ਕੰਡੇ,
ਪੈਰ ਪੈਰ ਤੇ ਪੁਆੜੇ।
ਕਿੰਨੇ ਦੁੱਖਾਂ ਦੀਆਂ ਰਾਤਾਂ,
ਕਿੰਨੇ ਕਹਿਰ ਦੇ ਦਿਹਾੜੇ।

ਅੱਗੇ ਪਾਣੀ ਪਿੱਛੇ ਵੈਰੀ,
ਉੱਤੋਂ ਰੁਕਦੀ ਝੜੀ ਨਾ।
ਘੁੱਪ 'ਨੇਰ੍ਹਾ, ਠੰਡ-ਠੱਕਾ,
ਇਕ ਪੋਹ ਦਾ ਮਹੀਨਾ।
ਕਿੰਨੇ ਰੂਪਾਂ ਵਿਚ ਹੋਣੀ,
ਬੈਠੀ ਖੋਲ੍ਹ ਕੇ ਜਬਾੜ੍ਹੇ।
ਕਿੰਨੇ ਦੁੱਖਾਂ ਦੀਆਂ ਰਾਤਾਂ...।

ਜਿਸ ਥਾਲੀ ਵਿਚ ਖਾਧਾ,
ਕੀਤੀ ਓਸੇ ਵਿਚ ਮੋਰੀ।
ਆਪੇ ਮਾਰ ਲਿਆ ਡਾਕਾ,
ਕਿਹਨੇ ਕਰਨੀ ਸੀ ਚੋਰੀ।
ਚੁੱਕੀ ਫਿਰਦੇ ਨੇ ਫਾਹੀਆਂ
ਕਿਵੇਂ ਗੰਗੂ ਜਿਹੇ ਗਾੜ੍ਹੇ।
ਕਿੰਨੇ ਦੁੱਖਾਂ ਦੀਆਂ ਰਾਤਾਂ...।

ਜੁੜੀ ਕੂੜ ਦੀ ਕਚਹਿਰੀ,
ਲੰਡੇ ਲੁੱਚਿਆਂ ਦੀ ਢਾਂਣੀ।
'ਹਾਅ ਦਾ ਨਾਹਰਾ' ਲਾਉਣ ਵਾਲਿਆਂ,
ਦੀ ਪੇਸ਼ ਨਹੀਓਂ ਜਾਣੀ।
ਹੁੰਦੇ ਕੰਮ ਸੁੱਚਾ ਨੰਦ,

ਲਾ ਲਾ ਲੂਤੀਆਂ ਵਿਗਾੜੇ।
ਕਿੰਨੇ ਦੁੱਖਾਂ ਦੀਆਂ ਰਾਤਾਂ...।

ਜਦੋਂ ਸਮੇਂ ਦਾ ਪੁਜਾਰੀ,
ਪੂਰੇ ਝੂਠਿਆਂ ਦਾ ਪੱਖ।
ਬਣ ਜਾਂਦੇ ਨੇ ਦਲੇਰ,
ਓਦੋਂ ਗਲੀਆਂ ਦੇ ਕੱਖ।

ਰਾਜੇਮਾਜਰੀਏ 'ਸੋਹਣੇ',
ਸਮੇਂ ਹੋਣ ਜਦੋਂ ਮਾੜੇ।
ਕਿੰਨੇ ਦੁੱਖਾਂ ਦੀਆਂ ਰਾਤਾਂ,
ਕਿੰਨੇ ਕਹਿਰ ਦੇ ਦਿਹਾੜੇ।

✶✶✶

# ਸਿੱਖੀ ਦਾ ਬਗੀਚਾ

ਵੈਰੀ ਨੇ ਨਾ ਵੱਢਿਆ ਤੇ,
ਗੈਰਾਂ ਨੇ ਨਾ ਸਾੜਿਆ।
ਸਿੱਖੀ ਦਾ ਬਗੀਚਾ ਖ਼ੁਦ,
ਮਾਲੀਆਂ ਉਜਾੜਿਆ।

ਵਧਦਾ ਹੀ ਜਾਂਦਾ ਹੈ,
ਗਿਆਨ ਜਿੰਨਾਂ ਵੰਡੀਏ।
ਪੂਜੀਏ ਨਾ ਮੂਰਖਾਂ ਨੂੰ,
ਨਿੰਦੀਏ ਤੇ ਭੰਡੀਏ।
ਸੱਚ ਦਾ ਸਿਧਾਂਤ ਜਿਹਨਾਂ,
ਜਿੰਦਰੇ 'ਚ ਤਾੜਿਆ।
ਸਿੱਖੀ ਦਾ ਬਗੀਚਾ ਖ਼ੁਦ,
ਮਾਲੀਆਂ ਉਜਾੜਿਆ।

ਨੀਤਾਂ ਨੂੰ ਨਾ ਨਾਪਦੇ,
ਨਾ ਬੋਲਾਂ ਨੂੰ ਹੀ ਤੋਲਦੇ।
ਗੁਰੂ ਦੀ ਹਜੂਰੀ ਵਿਚ,
ਕੀ ਨਹੀਓਂ ਬੋਲਦੇ।
ਲੁੱਚਿਆ, ਲਫੰਗਿਆ,
ਓ ਕੁਤਿਆ ਓ ਗਾੜਿਆ।
ਸਿੱਖੀ ਦਾ ਬਗੀਚਾ ਖ਼ੁਦ,
ਮਾਲੀਆ ਉਜਾੜਿਆ।

'ਸੋਹਣਾ' ਰਾਜੇਮਾਜਰੀਆ,
ਸੀਵੇਂ ਨਾਲੇ ਡੁੱਸਕੇ।
ਤਾਣੇ ਨੂੰ ਸਵਾਰੇ ਝੱਟ,
ਬਾਣੇ ਵੱਲੋਂ ਖਿਸਕੇ।
ਚਿੱਤ ਦਾ ਚੰਦੋਆ ਕਿੰਝ,
ਖਿੱਚ ਖਿੱਚ ਪਾੜਿਆ।
ਸਿੱਖੀ ਦਾ ਬਗੀਚਾ ਖ਼ੁਦ
ਮਾਲੀਆਂ ਉਜਾੜਿਆ।

***

# ਗੁਰ ਉਸਤਤਿ

ਸ਼ਰਨੀ ਆਇਆ ਤੇਰੇ,
ਬਖ਼ਸ਼ੋ ਬੇ-ਪਰਵਾਹ।
ਇਕ ਅਰਦਾਸ ਬੇਨੰਤੀ।
ਆਪਣੇ ਚਰਣੀਂ ਲਾ।
ਧੰਨ ਧੰਨ ਸੱਚੇ ਪਾਤਸ਼ਾਹ।

ਕਲ ਤਾਰਨ ਲਈ ਕਰਤਾ,
ਕਲ ਵਿਚ ਪ੍ਰਗਟਿਆ।
ਪਾਰਬ੍ਰਹਮ ਪ੍ਰਮੇਸ਼ਰ,
ਨਾਨਕ ਰੂਪ ਵਟਾ।
ਧੰਨ ਧੰਨ ਪਹਿਲੇ ਪਾਤਸ਼ਾਹ।

ਸਾਧ ਜਨਾ ਕੀ ਸੰਗਤ,
ਸੰਤਨ ਕੀ ਸੇਵਾ।
ਸਿਮਰ ਸਿਮਰ ਸੁਖਦਾਤਾ
ਅੰਗਦ ਵਰਤ ਰਿਹਾ।
ਧੰਨ ਧੰਨ ਦੂਜੇ ਪਾਤਸ਼ਾਹ।

ਲੰਗਰ, ਸੰਗਤ, ਪੰਗਤ,
ਆਨੰਦ ਦੀ ਵਰਖਾ।
'ਤੇਰੀ ਉਪਮਾ ਤੋਹਿ,
ਬਨਿ ਆਵੇ' ਦਾਤਾ।
ਧੰਨ ਧੰਨ ਤੀਜੇ ਪਾਤਸ਼ਾਹ।

ਰਿਮਝਿਮ ਰਿਮਝਿਮ ਰਿਮਝਿਮ,
ਅੰਮ੍ਰਿਤ ਵਰਸ ਰਿਹਾ।

ਸੋਢੀ ਸਤਿਗੁਰੂ ਮੇਰੇ,
ਅੰਗ ਸੰਗ ਤੂੰ ਦਾਤਾ।
ਧੰਨ ਧੰਨ ਚੌਥੇ ਪਾਤਸ਼ਾਹ।

'ਤੇਰਾ ਭਾਣਾ ਮੀਠਾ',
ਭਾਵੇਂ ਮਾਰ ਜਿਵਾ।
ਦੁੱਖ ਦੇਵੇ ਸੁਖ ਦੇਵੇ
ਰਹੀਏ ਵਿਚ ਰਜ਼ਾ।
ਧੰਨ ਧੰਨ ਪੰਜਵੇਂ ਪਾਤਸ਼ਾਹ।

ਮਿਰੀ ਪਿਰੀ ਪਹਿਨੀ,
ਚੋਜ ਰਿਹਾ ਵਰਤਾ।
ਦਲ ਭੰਜਨ, ਉਪਕਾਰੀ,
ਧਰਮੀ ਵਡ-ਯੋਧਾ।
ਧੰਨ ਧੰਨ ਛੇਵੇਂ ਪਾਸ਼ਾਹ।

ਹਰਿ ਰਾਏ ਹਰੀ ਮੂਰਤ,
ਅਤਿ ਕੋਮਲ ਹਿਰਦਾ।
ਹਰ ਛਿਣ ਹਰ ਪਲ ਮੰਗੇ,
ਜੋ ਸਰਬਤ ਦਾ ਭਲਾ।
ਧੰਨ ਧੰਨ ਸੱਤਵੇਂ ਪਾਤਸ਼ਾਹ।

ਬਾਲਾ ਪ੍ਰੀਤਮ ਸਭਦਾ,
ਸਤਿ ਸਤਿਗੁਰ ਪੂਰਾ।
ਕਿਲ-ਬਿਖ ਕਾਟਣਹਾਰਾ,
ਰੋਗ ਨਿਵਾਰ ਰਿਹਾ।
ਧੰਨ ਧੰਨ ਅੱਠਵੇਂ ਪਾਤਸ਼ਾਹ।

ਜ਼ੋਰ ਜ਼ੁਲਮ ਜਦ ਹੋਵੇ,
ਸੰਕਟ ਪੈਂਦਾ ਆ।
ਚਾਦਰ ਬਣਕੇ ਸਤਿਗੁਰੂ,
ਲੈਂਦਾ ਧਰਮ ਬਚਾ।
ਧੰਨ ਧੰਨ ਨੌਂਵੇਂ ਪਾਤਸ਼ਾਹ।

ਸੁੰਨ-ਸੱਥਰਾਂ ਤੇ ਸੁੱਤਾ,
ਡਾਢਾ ਬੇਪਰਵਾਹ।
ਸਿੱਖ ਸੰਗਤਾਂ ਲਈ ਦਿੱਤਾ,
ਸਭ ਸਰਬੰਸ ਲੁਟਾ।
ਧੰਨ ਧੰਨ ਦਸਵੇਂ ਪਾਤਸ਼ਾਹ।

ਜਗ ਨੂੰ ਤਾਰਨਹਾਰਾ,
ਰਿਹਾ ਚਵਰ ਝੁਲਾ।
ਗੁਰੂ ਗ੍ਰੰਥ ਅਖਵਾਵੇ
ਤਖ਼ਤ ਬਿਰਾਜ ਰਿਹਾ।
ਧੰਨ ਧੰਨ ਸੱਚੇ ਪਾਤਸ਼ਾਹ।

ਅਲਪ ਬੁੱਧ, ਮੱਤ ਥੋੜੀ,
ਮੈਂ ਮੂਰਖ ਬੰਦਾ।
ਗੁਰੂ ਜਸ ਗਾਵੇ 'ਸੋਹਣਾ'
ਨਾਨਕ ਕਰ ਕ੍ਰਿਪਾ।
ਨਾਨਕ ਕਰ ਕ੍ਰਿਪਾ।

***

## ਬੁੱਝੋ ਅੜੀਓ

ਬੁੱਝੋ ਅੜੀਓ ਰਲਕੇ ਬੁੱਝੋ,
ਇੱਕ ਬੁਝਾਰਤ ਪਾਈ।

'ਰਾਮਦਾਸ ਸਰੋਵਰਿ ਨਾਤੇ॥
ਸਭਿ ਉਤਰੇ ਪਾਪ ਕਮਾਤੇ॥
ਕਿਸ ਦੇ ਪੜਦਾਦੇ ਨੇ ਨਗਰੀ
ਅੰਮ੍ਰਿਤਸਰ ਵਸਾਈ।
ਬੁੱਝੋ ਅੜੀਓ ਰਲ ਕੇ ਬੁੱਝੋ
ਇੱਕ ਬੁਝਾਰਤ ਪਾਈ।

'ਤੇਰਾ ਕੀਆ ਮੀਠਾ ਲਾਗੈ॥
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ'॥
ਕਿਸ ਦੇ ਦਾਦੇ, ਸਿਰ ਵਿਚ ਤੱਤੀ,
ਤੱਤੀ ਰੇਤ ਪੁਆਈ।
ਬੁੱਝੋ ਅੜੀਓ ਰਲ ਕੇ ਬੁੱਝੋ
ਇੱਕ ਬੁਝਾਰਤ ਪਾਈ।

ਮਹਾਂਪੁਰਖ ਧਰਮੀ ਵਡ ਯੋਧੇ।
ਪਾਪੀ ਤਾਰੇ ਜਾਲਮ ਸੋਧੇ।
ਕਿਸ ਦੇ ਬਾਬੇ ਨੇ ਹੈ ਗਲ ਵਿਚ
ਮੀਰੀ ਪੀਰੀ ਪਾਈ।
ਬੁੱਝੋ ਅੜੀਓ ਰਲ ਕੇ ਬੁੱਝੋ
ਇਕ ਬੁਝਾਰਤ ਪਾਈ।

ਲੱਥਣ ਲੱਗੇ ਜੰਜੂ ਟਿੱਕੇ।
'ਸੋਹਣੇ' ਚੰਦਨ ਪੈ ਗਏ ਫਿੱਕੇ।
ਕਿਸ ਦੇ ਪਿਤਾ ਨੇ ਸੀਸ ਵਾਰ ਕੇ,
ਡੁੱਬਦੀ ਹਿੰਦ ਬਚਾਈ।
ਬੁੱਝੋ ਅੜੀਓ ਰਲ ਕੇ ਬੁੱਝੋ
ਇੱਕ ਬੁਝਾਰਤ ਪਾਈ।

# ਅੰਮ੍ਰਿਤ

ਅੰਮ੍ਰਿਤ ਐਵੇਂ ਨਹੀਓਂ ਮਿਲਦਾ,
ਮਿਲਦਾ ਵੱਡਿਆਂ ਭਾਗਾਂ ਨੂੰ।
ਗਿਦੜੋਂ ਸ਼ੇਰ ਬਣਾਉਂਦਾ ਅੰਮ੍ਰਿਤ,
ਹੰਸ ਕਾਲ੍ਹਿਆਂ ਕਾਗਾਂ ਨੂੰ।

ਅੰਮ੍ਰਿਤ ਇਕ ਓਂਕਾਰ ਧਿਆਏ।
ਅੰਮ੍ਰਿਤ ਖੰਡੇ ਬਰਛੇ ਵਾਏ।
ਖਾਕੇ ਮੁੱਠੀ ਮੁੱਠੀ ਛੋਲੇ,
ਅੰਮ੍ਰਿਤ ਹਾਥੀਆਂ ਤਾਂਈ ਢਾਏ।
ਅੰਮ੍ਰਿਤ ਸਿਰ ਵੱਢਦਾ ਏ ਜਿਵੇਂ,
ਕਿ ਜੱਟ ਵੱਢਦਾ ਆਗਾਂ ਨੂੰ।
ਅੰਮ੍ਰਿਤ ਐਵੇਂ ਨਹੀਓਂ ਮਿਲਦਾ...।

ਅੰਮ੍ਰਿਤ ਫਾਂਸੀ ਚੜ੍ਹਦਾ ਹੱਸੇ।
ਅੰਮ੍ਰਿਤ ਜੀਣਾ ਮਰਨਾ ਦੱਸੇ।
ਅੰਮ੍ਰਿਤ ਨੇ ਹੀ ਫੜ ਫੜ ਸੋਧੇ,
ਕਈ ਸੁੱਚੇ, ਗੰਗੂ, ਮੱਸੇ।
ਅੰਮ੍ਰਿਤ ਕੀਲ ਪਟਾਰੀ ਪਾਉਂਦਾ,
ਸੂਬੇ ਵਰਗੇ ਨਾਗਾਂ ਨੂੰ।
ਅੰਮ੍ਰਿਤ ਐਵੇਂ ਨਹੀਂਓ ਮਿਲਦਾ...।

ਅੰਮ੍ਰਿਤ ਸਾਧ ਅੰਮ੍ਰਿਤ ਸੂਰਾ।
ਅੰਮ੍ਰਿਤ ਚੇਤਾ ਰੱਖਦਾ ਪੂਰਾ।
ਅਕਾਲ ਤਖ਼ਤ ਅਤੇ ਹਰਿਮੰਦਰ,
ਕਿਸਨੇ ਕੀਤਾ ਚੂਰਾ ਚੂਰਾ।
ਅੰਮ੍ਰਿਤ ਨਾਲ ਲਹੂ ਦੇ ਧੋਂਦਾ,

ਮੱਥੇ ਲੱਗੇ ਦਾਗ਼ਾਂ ਨੂੰ।
ਅੰਮ੍ਰਿਤ ਐਵੇਂ ਨਹੀਓਂ ਮਿਲਦਾ...।

ਧ੍ਰਿਗ ਜੀਣਾਂ ਜਿਹੜਾ ਸੰਗੇ।
ਅੰਮ੍ਰਿਤ ਛੱਡ ਕੇ 'ਮਹੁਰਾ' ਡੰਗੇ।
ਰੋਣਾਂ ਆਉਂਦਾ ਲੋਕੋ ਜਿਹੜਾ,
ਅੱਖਾਂ ਹੁੰਦਿਆਂ ਅੱਖਾਂ ਮੰਗੇ।
ਸੇਧਾ ਲੈ ਸੂਰਜ ਤੋਂ 'ਸੋਹਣੇ',
ਗੋਲ੍ਹੀ ਮਾਰ ਚਿਰਾਗਾਂ ਨੂੰ।
ਅੰਮ੍ਰਿਤ ਐਵੇਂ ਨਹੀਓਂ ਮਿਲਦਾ
ਮਿਲਦਾ ਵੱਡਿਆਂ ਭਾਗਾਂ ਨੂੰ।

✶✶✶

## ਨਿੱਕੇ ਬੱਚਿਆਂ ਦਾ ਜੋੜਾ

ਕਿਹੜਾ ਕੀਤਾ ਏ ਗੁਨਾਹ,
ਕਿਹੜਾ ਮਾਰ ਦਿੱਤਾ ਲੋਹੜਾ।
ਕਿਉਂ ਫੜਿਆ ਏ ਨਿੱਕੇ ਨਿੱਕੇ
ਬੱਚਿਆਂ ਦਾ ਜੋੜਾ।

ਗੋਰੇ ਰੰਗ ਨੇ ਨਿਛੋਹ,
ਨੀਲਾ ਬਾਣਾ ਕਿੰਨਾ ਜੱਚੇ।
ਨੈਣ ਨਕ਼ਸ਼ਾਂ ਤੋਂ ਜਾਪਦੇ ਨੇ,
ਪਾਤਸ਼ਾਹ ਦੇ ਬੱਚੇ।
ਜਾਂਦੇ ਮਾਈ ਨਾਲ ਭੱਜੇ,
ਕੰਡਾ ਤੱਕਦੇ ਨਾ ਰੋੜਾ।
ਕਿਉਂ ਫੜਿਆ ਏ ਨਿੱਕੇ ਨਿੱਕੇ
ਬੱਚਿਆਂ ਦਾ ਜੋੜਾ।

ਨੂਰੀ ਚਿਹਰਿਆਂ ਤੋਂ ਜਾਪੇ,
ਜਿਵੇਂ ਸੂਰਜ ਤੇ ਚੰਦ।
ਜਾੜ੍ਹ ਅਕਲਾਂ ਦੀ ਕਿੱਥੇ,
ਟੁੱਟੇ ਦੁੱਧ ਦੇ ਨਾ ਦੰਦ।
ਨਿੱਕਾ, ਪੰਜ ਕੁ ਵਰੇ ਦਾ,
ਵੱਡਾ, ਵੱਡਾ ਹੋਣੈਂ ਥੋੜਾ।
ਕਿਉਂ ਫੜਿਆ ਏ ਨਿੱਕੇ ਨਿੱਕੇ,
ਬੱਚਿਆਂ ਦਾ ਜੋੜਾ।

ਕੋਈ ਰਾਜਾ ਰਈਆ ਉੱਤੇ,
ਜਦੋਂ ਜ਼ੁਲਮ ਕਮਾਉਂਦਾ।
ਜਦੋਂ ਕੰਸ ਹਰਨਾਖਸ਼ਾਂ ਨੂੰ
ਰੱਬ ਭੁੱਲ ਜਾਂਦਾ।

ਉਹ ਬਣਕੇ ਮਸੂਮ
ਦੇਵੇ ਵਕਤਾਂ ਨੂੰ ਮੋੜਾ।
ਕਿਉਂ ਫੜਿਆ ਏ ਨਿੱਕੇ ਨਿੱਕੇ
ਬੱਚਿਆਂ ਦਾ ਜੋੜਾ।

ਇੱਕ ਭਿੱਜੇ ਹੋਏ ਲੀੜੇ,
ਦੂਜੀ ਠੰਡ ਦੀ ਵੀ ਹੱਦ।
ਤੀਜਾ ਦੁੱਖ ਦੋਹਾਂ ਦੁੱਖਾਂ ਨਾਲੋਂ,
ਦੁੱਖ ਦਿੰਦਾ ਵੱਧ।
ਰਾਜੇਮਾਜਰੀਏ 'ਸੋਹਣੇ'
ਮਾਂ ਬਾਪ ਦਾ ਵਿਛੋੜਾ।
ਕਿਉਂ ਫੜਿਆ ਏ ਨਿੱਕੇ ਨਿੱਕੇ
ਬੱਚਿਆਂ ਦਾ ਜੋੜਾ।

***

## ਭੇਖੀ ਗੁਰੂ

ਗੁਰੂ ਅਖਵਾਉਣਾ ਸੌਖਾ ਨਹੀਂ,
ਪੈਂਦੇ ਚਾਰ ਚਾਰ ਪੁੱਤ ਮਰਵਾਉਣੇ।

ਭੇਖੀ ਗੁਰੂ ਪੁੱਛਦਾ,
ਕੀ ਸੇਵਾ ਪਾਣੀ ਕਰੋਗੇ।
ਚੇਲਿਓ! ਵਦਾਇਗੀ ਵੇਲੇ,
ਹੱਥ ਤੇ ਕੀ ਧਰੋਗੇ।
ਕਿੱਥੇ ਸੁੱਕੀ ਕੋਧਰੇ ਦੀ
ਰੋਟੀ ਮੰਗ ਮੰਗ ਖਾਂਦੇ,
ਲਾਲੋ ਘਰ ਲਾਲੋ ਦੇ ਪਰਾਹੁਣੇ।
ਗੁਰੂ ਅਖਵਾਉਣਾ ਸੌਖਾ ਨਹੀਂ...।

ਭੇਖੀ ਗੁਰੂ ਟੀਕੇ ਤੇ,
ਸਟੀਕ ਮੰਗਵਾਉਂਦਾ ਏ।
ਸੱਤਰਾਂ ਦਾ ਹੋ ਗਿਆ,
ਅਜੇ ਰੱਟੇ ਲਾਉਂਦਾ ਏ।
ਕਿੱਥੇ ਨਿੱਕੀ ਉਮਰੇ ਹੀ,
ਸਿੱਧਿਆਂ-ਸਧਾਰਾਂ ਕੋਲੋਂ
ਗੀਤਾ ਦੇ ਅਰਥ ਕਰਵਾਉਣੇ।
ਗੁਰੂ ਅਖਵਾਉਣਾ ਸੌਖਾ ਨਹੀਂ...।

ਭੇਖੀ ਗੁਰੂ ਦੁਖੀਏ,
ਗਰੀਬਾਂ ਉੱਤੇ ਹੱਸਦਾ।
ਜਿੰਨੇ ਜ਼ਿਆਦਾ ਪੈਸੇ, ਉਨ੍ਹਾਂ,
ਲੰਮਾ ਨਾਮ ਦੱਸਦਾ।

ਕਿੱਥੇ ਕੰਨਾ-ਬਾਟੀ ਕੁਰੂ,
ਤੂੰ ਚੇਲਾ ਮੈਂ ਗੁਰੂ,
ਕਿੱਥੇ ਸਿੰਘ, ਸੀਸ ਲੈ ਸਜਾਉਣੇ।
ਗੁਰੂ ਅਖਵਾਉਣਾ ਸੌਖਾ ਨਹੀਂ...।

ਭੇਖੀ ਗੁਰੂ ਚੇਲਿਆਂ ਨੂੰ,
ਦੋਵੀਂ ਹੱਥੀਂ ਲੁੱਟਦਾ।
ਰੂਹਾਂ ਦੇ ਡਰਾਵੇ ਦਿੰਦਾ,
ਮੁੱਠ-ਬਿੱਜਾ ਸੁੱਟਦਾ।
ਕਿੱਥੇ ਗੁਰੂ ਢਾਲਾਂ ਭਰ,
ਮੋਹਰਾਂ ਵੰਡੇ ਮਿੱਤਰਾਂ ਨੂੰ,
ਕਿੱਥੇ ਟਕੇ ਚੇਲਿਆਂ ਤੋਂ ਖੋਹਣੇ।
ਗੁਰੂ ਅਖਵਾਉਣਾ ਸੌਖਾ ਨਹੀਂ...।

ਭੇਖੀ ਗੁਰੂ ਹਵਾ 'ਚੋਂ,
ਤਵੀਤ ਧਾਗੇ ਫੜਦਾ।
ਚੇਲਿਆਂ ਨੂੰ ਮੱਤਾਂ ਆਪ,
ਮੌਤ ਕੋਲੋਂ ਡਰਦਾ।
ਕਿਥੇ ਨਿੱਜੀ ਕਾਰ ਵਿੱਚ,
ਖ਼ੂਨ ਗੁਲੂਕੋਸ ਪਿਆ,
ਕਿੱਥੇ ਪੰਜੇ ਸ਼ੇਰਾਂ ਨਾਲ ਪਾਉਣੇ।
ਗੁਰੂ ਅਖਵਾਉਣਾ ਸੌਖਾ ਨਹੀਂ...।

ਭੇਖੀ ਗੁਰੂ ਫੂਕਾਂ ਮਾਰ,
ਨਜ਼ਰਾਂ ਉਤਾਰਦਾ।
ਆਪ ਢਿੱਡ ਪੀੜ ਨਾਲ,
ਲੁੱਛੇ, ਲੇਰਾਂ ਮਾਰਦਾ।
ਕਿੱਥੇ ਡਨਲੱਪ ਦੇ,
ਅਰਾਮ ਦੇਣ ਵਾਲੇ ਗੱਦੇ,
ਕਿੱਥੇ ਲੋਕੋ ਟਿੰਡ ਦੇ ਸਰਾਹਣੇ।
ਗੁਰੂ ਅਖਵਾਉਣਾ ਸੌਖਾ ਨਹੀਂ...।

ਭੇਖੀ ਗੁਰੂ ਪੁੱਛ ਪੁੱਛ,
ਤੁਕਬੰਦੀ ਜੋੜਦਾ।
ਕੱਟਦਾ ਤੇ ਵੱਢਦਾ,
ਭੰਨਦਾ ਤੇ ਤੋੜਦਾ।
ਕਿੱਥੇ ਬਾਣੀ ਧੁਰ ਕੀ ਤੇ,
ਕਿੱਥੇ ਕਵਿਤਾ ਕਹਾਣੀ,
ਅਪਣੇ ਘਰਾਂ ਦੇ ਰੰਡੀ ਰੋਣੇ।
ਗੁਰੂ ਅਖਵਾਉਣਾ ਸੌਖਾ ਨਹੀਂ...।

ਕਿੱਥੇ ਨਾਮ ਧਨ ਕਿੱਥੇ,
ਦੌਲਤ ਜ਼ਮਾਨੇ ਦੀ।
ਕਿੱਥੇ ਤ੍ਰੇਹ ਮੈਅ ਦੀ,
ਕਿੱਥੇ ਪਿਆਸ ਮਰਦਾਨੇ ਦੀ।
ਕਿੱਥੇ ਰੁੱਖੀ-ਮਿੱਸੀ ਤੇ,
ਅਲੂਣੀ, ਬੇਹੀ ਛਕਣੀ,
ਕਿੱਥੇ ਖੋਏ-ਖੰਡ ਦੇ ਖਿਡਾਉਣੇ।
ਗੁਰੂ ਅਖਵਾਉਣਾ ਸੌਖਾ ਨਹੀਂ...।

ਕਿੱਥੇ ਅਰਦਾਸ, ਅਰਜੋਈ,
ਕਿੱਥੇ ਹੈਂਕੜਾ।
ਕਿੱਥੇ ਤੂੰ ਹੀ ਤੂੰ ਹੀ,
ਕਿੱਥੇ ਮਣਾਂ-ਮੂੰਹੀ ਆਕੜਾਂ।
ਕਿੱਥੇ ਤੈਂ ਕੀ ਦਰਦ
ਨਾ ਆਇਆ, ਦੇ ਉਲਾਂਭੇ ਮਿੱਠੇ
ਕਿੱਥੇ ਡੇਲੇ ਰੱਬ ਨੂੰ ਵਿਖਾਉਣੇ।
ਗੁਰੂ ਅਖਵਾਉਣਾ ਸੌਖਾ ਨਹੀਂ...।

ਛਕਕੇ ਛਕਾਕੇ, ਟੀ. ਵੀ. ਉੱਤੇ,
ਮੌਜਾਂ ਮਾਣਕੇ।
ਜੇਠ ਦਾ ਮਹੀਨਾ ਗੁਰੂ
ਸੁੱਤਾ ਲੱਤਾਂ ਤਾਣਕੇ।

ਕਿੱਥੇ ਪੱਖੇ, ਕੂਲਰ ਤੇ
ਏ. ਸੀ. ਦੀਆਂ ਠੰਡਕਾਂ,
ਕਿੱਥੇ ਤੱਤੀ ਤਵੀ ਦੇ ਵਿਛਾਉਣੇ।
ਗੁਰੂ ਅਖਵਾਉਣਾ ਸੌਖਾ ਨਹੀਂ...।

ਮਿੱਟੀ ਦੇ ਗੰਡੋਏ ਕਿੱਥੇ,
ਜਾਨ ਲੈਣੀ ਸੱਪਣੀ।
ਡੇਰੇ ਆਈ ਬਿੱਲੀ ਚੇਲੇ,
ਚੜ੍ਹ ਗਏ ਛੱਤਣੀ।
ਕਿੱਥੇ ਸਵਾ ਲੱਖ ਨਾਲ
ਇੱਕ ਨੂੰ ਲੜਾਉਣ ਵਾਲਾ,
ਕਿਹੜਾ ਸਾਡੇ ਗੁਰੂ ਜਿਹਾ 'ਸੋਹਣੇ'।
ਗੁਰੂ ਅਖਵਾਉਣਾ ਸੌਖਾ ਨਹੀਂ...।

***

## ਜੋੜੀ ਦਸਮ ਪਿਤਾ ਦੇ ਲਾਲਾਂ ਦੀ

ਵਿੱਚ ਕਚਿਹਰੀ ਪੁੱਜੀ ਜੋੜੀ
ਦਸਮ ਪਿਤਾ ਦੇ ਲਾਲਾਂ ਦੀ।

ਨਾਲ ਸਿਪਾਹੀਆਂ, ਲਾਲ ਗੁਰੂ ਦੇ
ਵਿਚ ਕਚਿਹਰੀ ਆਉਂਦੇ ਨੇ।
ਮੋਰੀ ਵਿਚੋਂ ਪੈਰ ਲੰਘਾਕੇ,
ਗੱਜਕੇ ਫ਼ਤਿਹ ਬੁਲਾਉਂਦੇ ਨੇ।
ਅੱਗ ਲੱਗੀ ਸੂਬੇ ਦੇ ਫ਼ਤਿਹ,
ਸੁਣਕੇ ਨੌਨਿਹਾਲਾਂ ਦੀ।
ਵਿੱਚ ਕਚਿਹਰੀ ਪੁੱਜੀ ਜੋੜੀ
ਦਸਮ ਪਿਤਾ ਦੇ ਲਾਲਾਂ ਦੀ।

ਬੱਚਿਆਂ ਨੂੰ ਨਾ ਮਾਰੋ ਇਹ
ਇਸਲਾਮ ਧਰਮ ਫੁਰਮਾਉਂਦਾ ਏ।
ਪਰ ਸੁੱਚਾ ਨੰਦ ਕੋਲੋਂ ਉੱਠਕੇ,
ਤੇਲ ਬੁਝੀ ਤੇ ਪਾਉਂਦਾ ਏ।
ਕਰੀ ਨਿਖੇਧੀ ਸ਼ੇਰ ਮੁਹੰਮਦ,
ਨੇ ਸੁੱਚੇ ਦੀਆਂ ਚਾਲਾਂ ਦੀ।
ਵਿੱਚ ਕਚਿਹਰੀ ਪੁੱਜੀ ਜੋੜੀ,
ਦਸਮ ਪਿਤਾ ਦੇ ਲਾਲਾਂ ਦੀ।

ਸੂਬੇਦਾਰ ਦਾ ਸਮਝ ਇਸ਼ਾਰਾ,
ਫਤਵਾ ਲਾਇਆ ਕਾਜੀ ਨੇ।
ਚਿਣ ਦਿਓ ਨੀਹਾਂ ਦੇ ਵਿਚ ਜਿਉਂਦੇ,
ਹੁਕਮ ਸੁਣਾਇਆ ਪਾਜੀ ਨੇ।
ਫਤਵਾ ਸੁਣ ਲਾਲੀ ਚਿਹਰੇ ਦੀ

ਦੂਣੀ ਹੋ ਗਈ ਬਾਲਾਂ ਦੀ।
ਵਿੱਚ ਕਚਿਹਰੀ ਪੁੱਜੀ ਜੋੜੀ
ਦਸਮ ਪਿਤਾ ਦੇ ਲਾਲਾਂ ਦੀ।

ਆਕੜਿਆ ਫਿਰਦਾ ਏ ਸੂਬਾ,
ਸਮਝੇ ਜਿੰਦਾਂ ਮਰ ਗਈਆਂ।
ਐਪਰ ਨਿੱਕੀਆਂ ਨਿੱਕੀਆਂ ਜਿੰਦਾਂ,
ਸਾਕੇ ਵੱਡੇ ਕਰ ਗਈਆਂ।
ਪਰਲੋਂ ਤੀਕਰ ਦੁਨੀਆਂ 'ਸੋਹਣੇ'
ਸਿਫ਼ਤ ਕਰੇਗੀ ਘਾਲਾਂ ਦੀ।
ਵਿੱਚ ਕਚਿਹਰੀ ਪੁੱਜੀ ਜੋੜੀ,
ਦਸਮ ਪਿਤਾ ਦੇ ਲਾਲਾਂ ਦੀ।

✶✶✶

## ਪੰਥ ਕੀ ਜੀਤ

ਸਦੀਆਂ ਦੀ ਗੱਲ ਛੱਡੋ ਭਾਵੇਂ,
ਜੁੱਗ ਵੀ ਜਾਵਣ ਬੀਤ।
ਰਹੇਗੀ ਜੀਤ, ਪੰਥ ਕੀ ਜੀਤ।

ਸਿਦਕ ਸ਼ਹਾਦਤ ਰੰਗ ਵਖਾਉਂਦੇ,
ਬਿਰਥੀ ਘਾਲ ਨਾ ਜਾਈ।
ਜਿਸ ਪੰਥ ਦੇ ਪਹਿਰੇਦਾਰਾਂ,
ਤੱਤੀ ਰੇਤ ਪੁਆਈ।
ਭਾਣਾ ਮੰਨਿਆਂ ਤੱਤੀ ਤਵੀ ਵੀ,
ਲੱਗੀ ਠੰਡੀ ਸੀਤ।
ਰਹੇਗੀ ਜੀਤ, ਪੰਥ ਕੀ ਜੀਤ।

ਧੰਨ ਸਤਿਗੁਰ ਧੰਨ ਤੇਰਾ ਜਿਗਰਾ,
ਮੈਂ ਜਾਵਾਂ ਬਲਿਹਾਰੇ।
ਲਾਲ ਵਾਰਕੇ ਚਾਰੇ ਫਿਰ ਵੀ,
ਮੁੱਖ ਤੋਂ ਬਚਨ ਉਚਾਰੇ।
ਸਿੰਘ ਹੀ ਪੁੱਤਰ, ਸਿੰਘ ਹੀ ਧੀਆਂ
ਸਿੰਘ ਹੀ ਸੱਜਣ ਮੀਤ।
ਰਹੇਗੀ ਜੀਤ, ਪੰਥ ਕੀ ਜੀਤ।

ਪੁੱਤ ਮਰਾ ਲਏ ਚਾਈਂ ਚਾਈਂ
ਧੰਨ ਹਨ ਸਿਦਕੀ ਮਾਂਵਾਂ।
ਈਨ ਨਾ ਮੰਨੀ ਪਰ ਲੈ ਲਈਆਂ,
ਹੋਣੀ ਦੇ ਸੰਗ ਲਾਵਾਂ।

ਆਰਾ, ਰੰਬੀ, ਤੇਗ, ਚਰਖੜੀ,
ਭੁੱਲਦਾ ਨਹੀਂ ਅਤੀਤ।
ਰਹੇਗੀ ਜੀਤ, ਪੰਥ ਕੀ ਜੀਤ।

ਹੇ ਪੰਥ ਦੇ ਮਾਲਿਕ ਤੇਰੀ,
ਕੀਮਤ ਕਹਿਣ ਨਾ ਜਾਈ।
ਕਵੀ, ਕਵੀਸਰ, ਰਾਗੀ, ਢਾਡੀ,
ਗਾਉਂਦੇ ਨੇ ਵਡਿਆਈ।
'ਸੋਹਣੇ' ਰਾਜੇਮਾਜਰੀਏ ਜਿਹੇ
ਲੱਖਾਂ ਲਿਖਦੇ ਗੀਤ।
ਰਹੇਗੀ ਜੀਤ, ਪੰਥ ਦੀ ਜੀਤ।

***

## ਹਿੰਦ ਦੀ ਚਾਦਰ

ਧੰਨ ਧੰਨ ਸਤਿਗੁਰ
ਤੇਗ਼ ਬਹਾਦਰ।
ਸੱਚ ਆਖਣ ਤੈਨੂੰ
ਹਿੰਦ ਦੀ ਚਾਦਰ।

ਕੁਝ ਕਸ਼ਮੀਰੀ ਪੰਡਤ ਆਏ।
ਸਭ ਨੇ ਗਲ੍ਹ ਵਿਚ ਪੱਲੂ ਪਾਏ।
ਆਖਣ ਨੌਂਵੇਂ ਨਾਨਕ ਤਾਂਈ,
ਜਬਰੀ ਜੰਜੂ ਟਿੱਕੇ ਲਾਹੇ।
ਦੁਸ਼ਟ ਔਰੰਗਾ, ਜ਼ੁਲਮੀ ਜਾਬਰ।
ਧੰਨ ਧੰਨ ਸਤਿਗੁਰ
ਤੇਗ਼ ਬਹਾਦਰ।
ਸੱਚ....।

ਬੋਲੇ ਸਤਿਗੁਰ ਸਹਿਜ ਸੁਭਾਏ।
ਕੋਈ ਰਹਿਬਰ ਅੱਗੇ ਆਏ।
ਸੁਣਕੇ ਬਚਨ ਗੁਰੂ-ਪਿਤਾ ਦੇ,
ਬੋਲੇ ਕੋਲੋਂ ਗੋਬਿੰਦ ਰਾਇ।
ਕੌਣ ਪਿਤਾ ਜੀ ਤੁਸਾਂ ਬਰਾਬਰ।
ਧੰਨ ਧੰਨ ਸਤਿਗੁਰ
ਤੇਗ ਬਹਾਦਰ।
ਸੱਚ....।

ਤੱਜ ਕੇ ਮੋਹ ਮਾਇਆ ਦੀ ਯਾਰੀ।
ਪੁੱਤਰ, ਪਤਨੀ, ਸੰਗਤ ਪਿਆਰੀ।
ਦੇ ਉਪਦੇਸ ਸਿੱਖਾਂ ਨੂੰ 'ਸੋਹਣੇ',

ਕਰ ਲਈ ਦਿੱਲੀ ਜਾਣ ਦੀ ਤਿਆਰੀ।
ਕਤਲ ਹੋਣ ਲਈ ਤੁਰਿਆ ਕਾਦਰ।
ਧੰਨ ਧੰਨ ਸਤਿਗੁਰ
ਤੇਗ਼ ਬਹਾਦਰ।
ਸੱਚ ਆਖਣ ਤੈਨੂੰ
ਹਿੰਦ ਦੀ ਚਾਦਰ।

✶✶✶

# ਨਹੀਂ ਗੁਰੂ ਬਿਨਾਂ ਗੱਤ

ਮਾਂ ਮਮਤਾ ਲੁਟਾਵੇ।
ਪਿਤਾ ਰਿਜਕ ਕਮਾਵੇ।
ਸੱਚ ਆਖਦੇ ਸਿਆਣੇ,
ਹੁੰਦੀ ਸ਼ਾਹਾਂ ਨਾਲ ਪੱਤ।
ਲੱਖਾਂ ਦੇਵਤੇ ਨੇ ਪਰ,
ਨਹੀਂ ਗੁਰੂ ਬਿਨਾਂ ਗੱਤ।

ਮਨ ਮੰਨਦਾ ਨਾ ਆਖਾ,
ਔਖਾ ਹੁੰਦਾ ਸ਼ੁਰੂ ਵਿੱਚ।
ਹਉਮੈ ਮਾਰ ਪਤਾ ਚੱਲੇ,
ਕਿੰਨੇ ਗੁਣ ਗੁਰੂ ਵਿੱਚ।
ਉਹ ਨਿਮਾਣਿਆਂ ਦਾ ਮਾਣ,
ਉਹ ਨਿਪੱਤਿਆਂ ਦੀ ਪੱਤ।
ਲੱਖਾਂ ਦੇਵਤੇ ਨੇ ਪਰ
ਨਹੀਂ ਗੁਰੂ ਬਿਨਾਂ ਗੱਤ।

ਕੋਈ ਲਮਕਿਆ ਪੁੱਠਾ,
ਕਿਸੇ ਤਾੜੀਆਂ ਨੇ ਲਾਈਆਂ।
ਕੋਈ ਕੱਕਰਾਂ ਤੇ ਸੁੱਤਾ,
ਕਿਸੇ ਧੂਣੀਆਂ ਧੁਖਾਈਆਂ।
ਮਾਰ ਜਿਉਂਦੇ ਨੂੰ ਪਿਲਾਉਂਦਾ,
ਕੋਈ ਮੋਇਆਂ ਤਾਂਈ ਰੱਤ।
ਲੱਖਾਂ ਦੇਵਤੇ ਨੇ ਪਰ,
ਨਹੀਂ ਗੁਰੂ ਬਿਨਾਂ ਗੱਤ।

ਆਪ ਮੰਗਤੇ ਨੇ ਜਿਹੜੇ,
ਕੀ ਲੋਕਾਂ ਨੂੰ ਖੁਆਉਣ।

ਲੋਕੀਂ ਕਰਤੇ ਨੂੰ ਛੱਡ
ਲੱਗੇ ਕ੍ਰਿਤਾਂ ਧਿਆਉਣ।
ਰਾਜੇਮਾਜਰੀਏ 'ਸੋਹਣੇ'
ਪੁੱਠੀ ਦੁਨੀਆਂ ਦੀ ਮੱਤ।
ਲੱਖਾਂ ਦੇਵਤੇ ਨੇ ਪਰ
ਨਹੀਂ ਗੁਰੂ ਬਿਨਾਂ ਗੱਤ।

***

## ਜਿੱਤਿਆ ਸਬਰ

ਹੋਇਆ ਨਾ ਕੋਈ ਹੋਏਗਾ,
ਜਿੰਦਾਂ ਦੇ ਹਾਣਦਾ।
ਸਾਕੇ ਸਰਹੰਦ ਦੇ ਨੂੰ,
ਜੱਗ ਜਾਣਦਾ।
ਅੱਖੀਂ ਤਕੇ ਜਿਹਨਾਂ ਨੇ,
ਮਸੂਮ ਮਰਦੇ।
ਘਰਾਂ ਵੱਲ ਆਉਂਦੇ ਇੰਝ,
ਗੱਲਾਂ ਕਰਦੇ।
ਸੱਚੀ ਗੱਲ ਆਖਾਂ,
ਸੁਣੀਂ ਕਰਤਾਰਿਆ।
ਜਿੱਤਿਆ ਸਬਰ ਤੇ,
ਜ਼ੁਲਮ ਹਾਰਿਆ।

ਮਰਨੇ ਦਾ ਡਰ ਨਾ,
ਫਿਕਰ ਜਾਪਦਾ।
ਨਿੱਕਾ ਵੀਰ ਵੱਡੇ ਤਾਂਈ,
ਇੰਝ ਆਖਦਾ।
ਜਦੋਂ ਅਸੀਂ ਸੂਬੇ ਦੀ,
ਕਚਿਹਰੀ ਜਾਵਾਂਗੇ।
ਦੋਵੇਂ ਜਣੇ ਫਤਿਹ,
ਗੱਜਕੇ ਬੁਲਾਵਾਂਗੇ।
ਸਾਨੂੰ ਕੀ ਕਿਸੇ ਦਾ ਵੀਰਾ,
ਡਰ ਮਾਰਿਆ।
ਜਿੱਤਿਆ ਸਬਰ ਤੇ
ਜ਼ੁਲਮ ਹਾਰਿਆ।

ਧੰਨ ਸਿੱਖੀ, ਧੰਨ ਸਿੱਖੀ
ਦੀਆਂ ਸਾਖੀਆਂ।
ਤਾਣ ਤੋਂ ਨਿਤਾਣੇ ਦੀਆਂ
ਕਰੇ ਰਾਖੀਆਂ।
ਜ਼ੋਰੀ ਜੰਜੂ ਗਲ੍ਹ ਨਾ
ਕੋਈ ਪਾ ਸਕਿਆ।
ਜਬਰੀ ਨਾ ਪਿਆ
ਕੋਈ ਲਾਹ ਸਕਿਆ।
ਅਨ-ਹੋਣੀ ਤਾਂਈ,
ਹੋਣੀ ਕਰ ਮਾਰਿਆ।
ਜਿੱਤਿਆ ਸਬਰ ਤੇ।

ਜ਼ੁਲਮ ਜਬਰ ਹਾਰਿਆ
ਕਦੇ ਮਿੱਠੀ ਬਾਣੀ,
ਮੁੱਖ ਤੋਂ ਉਚਾਰ ਕੇ।
ਤਵੀ ਉੱਤੇ ਬਹਿਕੇ,
ਕਦੇ ਸੀਸ ਵਾਰ ਕੇ।
ਅਤੀ ਪਿਆਰੇ ਪੰਥ,
ਸੁੰਦਰ ਅਨੂਪ ਲਈ।
ਦਸਾਂ ਗੁਰੂਆਂ ਨੇ,
ਸਿੱਖੀ ਦੇ ਸਰੂਪ ਲਈ।
ਮਾਤ ਪਿਤਾ ਪੁੱਤਰ ਤੇ,
ਘਰ ਵਾਰਿਆ।
ਜਿੱਤਿਆ ਸਬਰ.........।

ਭੱਠੀ ਤੱਕ ਪੰਜਵੇਂ,
ਗੁਰੂ ਦੇ ਤਨ ਦੀ।
ਰੀਝ ਪੂਰੀ ਹੋਈ,
ਗੁਜਰੀ ਦੇ ਚੰਨ ਦੀ।
ਮਿੱਝ ਦੀ ਮਿੱਟੀ 'ਚ ਪਾਕੇ
ਪਾਣੀ ਰੱਤ ਦਾ।
ਇੱਟਾਂ ਪੱਥ ਹੱਥੀਂ ਦਿੱਤਾ,
ਸੇਕ 'ਸਤ' ਦਾ।
'ਸੋਹਣੇ' ਇਉਂ ਮਹਲ,
ਸਿੱਖੀ ਦਾ ਉਸਾਰਿਆ।
ਜਿੱਤਿਆ ਸਬਰ ਤੇ,
ਜ਼ੁਲਮ ਹਾਰਿਆ।

***

# ਧਰਤੀ ਸ਼ਹੀਦਾਂ ਦੀ

ਹਰ ਕੰਧ ਦੁੱਖ ਦੱਸੇ।
ਹਰ ਇੱਟ ਚੀਸ ਵੱਟੇ।
ਮੌਤ ਦੇ ਦਿਵਾਨਿਆਂ ਤੇ
ਸਿੱਖੀ ਦੇ ਮੁਰੀਦਾਂ ਦੀ।
ਫਤਿਹਗੜ੍ਹ ਸਾਹਿਬ ਹੈ,
ਧਰਤੀ ਸ਼ਹੀਦਾਂ ਦੀ।

ਸੂਬੇ ਤੇਰੀ ਜਾਤ ਨੇ ਕੀ,
ਠੇਕਾ ਲਿਆ ਰੱਬ ਦਾ।
ਕੀੜੀ ਭਾਵੇਂ ਹਾਥੀ ਕੋਈ,
ਰੱਬ ਸਾਂਝਾ ਸਭ ਦਾ।
ਕਰਤੇ ਨੂੰ ਕਾਦਰ ਤੇ,
ਕੋਈ ਕਰਤਾਰ ਆਖੇ,
ਚੰਨ ਦੇ ਨੇ ਚੋਜ ਗੱਲ,
ਪੁੰਨਿਆ ਜਾਂ ਈਦਾਂ ਦੀ।
ਫਤਿਹਗੜ੍ਹ ਸਾਹਿਬ ਹੈ,
ਧਰਤੀ ਸ਼ਹੀਦਾਂ ਦੀ।

ਠੰਡੇ ਤੱਤੇ ਬੁਰਜ,
ਹਜਾਰ ਹੋਣ ਪਿੰਜਰੇ।
ਖ਼ਾਬਾਂ ਤੇ ਖਿਆਲਾਂ ਨੂੰ ਨਾ,
ਮਾਰੇ ਜਾਣੇ ਜਿੰਦਰੇ।
ਰੂਹ ਨੂੰ ਕੀ ਦਸ ਡੰਡ,
ਲਾਏਂਗਾ ਵਜੀਦਿਆਂ ਤੂੰ
ਕਰ ਲੈ ਸਰੀਰਾਂ ਨਾਲ
ਕਰਨੀ ਤੂੰ ਜਿੱਦਾਂ ਦੀ।

ਫਤਿਹਗੜ੍ਹ ਸਾਹਿਬ ਹੈ,
ਧਰਤੀ ਸ਼ਹੀਦਾਂ ਦੀ।

ਇਕ ਪਾਸੇ ਜ਼ਿੰਦਗੀ,
ਮਾਸੂਮ ਤੇ ਲਾਚਾਰ ਸੀ।
ਹੱਦ ਹੋ ਗਈ ਦੂਜੇ ਪਾਸੇ,
ਪੂਰੀ ਸਰਕਾਰ ਸੀ।
'ਸੋਹਣੇ' ਰਾਜੇਮਾਜਰੀਏ
ਹੱਦ ਤੋਂ ਵੀ ਹੱਦ ਹੋ ਗਈ,
ਨਹੀਂ ਤੁਸੀਂ ਦੱਸੋ ਹੋਰ,
ਹੱਦ ਹੁੰਦੀ ਕਿੱਦਾਂ ਦੀ।
ਫ਼ਤਿਹਗੜ੍ਹ ਸਾਹਿਬ ਹੈ,
ਧਰਤੀ ਸ਼ਹੀਦਾਂ ਦੀ।

***

## ਪੰਜ ਕੱਕੇ

ਹੀਰੇ, ਲਾਲ ਤੇ ਨਾ ਮੋਤੀ,
ਮੋਹਰਾਂ, ਦਮੜੇ ਨਾ ਟੱਕੇ।
ਸਿਰ ਲੈ ਕੇ ਗੁਰਾਂ ਸਿੰਘੋ,
ਬਖ਼ਸ਼ੇ ਨੇ ਪੰਜ ਕੱਕੇ।

ਕੱਛ ਸਤ, ਕੜਾ, ਪਤ,
ਕੰਘਾ ਸਾਂਭ, ਕੇਸ ਰਜਾ।
ਪਾਪੀ ਭੂਤੇ ਜਾਲਮਾਂ ਨੂੰ
ਕਿਰਪਾਨ ਦੇਂਦੀ ਸਜਾ।
ਕਦੇ ਜਾਬਰਾਂ ਨੂੰ ਛਾਂਗੇ,
ਕਦੇ ਹਾਥੀਆਂ ਨੂੰ ਡੱਕੇ।
ਸਿਰ ਲੈਕੇ ਗੁਰਾਂ ਸਿੰਘੋ,
ਬਖ਼ਸ਼ੇ ਨੇ ਪੰਜ ਕੱਕੇ।

ਸਾਡੀ ਸੇਧ ਲਈ ਸਿੰਘਾਂ,
ਗੂੜ੍ਹੇ ਪੂਰਨੇ ਸੀ ਪਾਏ।
ਹੱਸ ਖੋਪਰ ਲੁਹਾ ਲਏ,
ਪਰ ਕੇਸ ਨਾ ਕਟਾਏ।
ਆਰੇ ਹੇਠ ਵੀ ਪਿਆਰੇ,
ਰਹੇ ਸਿਦਕਾਂ ਦੇ ਪੱਕੇ।
ਸਿਰ ਲੈਕੇ ਗੁਰਾਂ ਸਿੰਘੋ,
ਬਖ਼ਸ਼ੇ ਨੇ ਪੰਜ ਕੱਕੇ।

ਗੁਰੂ ਅੱਜ ਦੇ ਮੰਗਣ,
ਸੋਨੇ ਚਾਂਦੀ ਦੇ ਚੜ੍ਹਾਵੇ।
ਪਰ ਧੰਨ ਦਸ਼ਮੇਸ਼,
ਆਪਾ ਸਿੰਘਾ ਤੋਂ ਲੁਟਾਵੇ।
ਆਖੇ ਸਿੰਘਾ ਕਦੇ ਚੜ੍ਹੀ ਨਾ ਤੂੰ।
ਬਿਪਰਾਂ ਦੇ ਧੱਕੇ।
ਸਿਰ ਲੈਕੇ ਗੁਰਾਂ ਸਿੰਘੋ,
ਬਖ਼ਸ਼ੇ ਨੇ ਪੰਜ ਕੱਕੇ।

ਧੰਨ ਪੁਰਖੇ ਜਿਨਾਂ ਦੀ
ਐਡੀ ਵੱਡੀ ਕੁਰਬਾਨੀ।
ਜਿਹਨਾਂ ਸੀਸ ਲੈਕੇ ਲਈ
ਸਿੱਖੀ ਗੁਰਾਂ ਤੋਂ ਨਿਸ਼ਾਨੀ।
ਫਿੱਟੇ ਮੂੰਹ ਸਾਡੇ 'ਸੋਹਣੇ',
ਅਸੀਂ ਸਾਂਭ ਭੀ ਨਾ ਸਕੇ।
ਸਿਰ ਲੈਕੇ ਗੁਰਾਂ ਸਿੰਘੋ,
ਬਖ਼ਸ਼ੇ ਨੇ ਪੰਜ ਕੱਕੇ।

***

## ਹਰਿਮੰਦਰ ਸਾਹਿਬ

ਐ ਹਰਿਮੰਦਰ ਸਾਹਿਬ,
ਤੇਰੀ ਆਨ ਲਈ।
ਲੱਖਾਂ ਸਿਰ ਲੱਗੇ ਨੇ,
ਤੇਰੀ ਸ਼ਾਨ ਲਈ।

ਤੇਰੇ ਦਰ 'ਤੇ ਨਾ,
ਮਜਹਬਾਂ ਦੀਆਂ ਟੋਕਾਂ ਨੇ।
ਜਾਤ ਪਾਤ ਨਾ ਊਚ-ਨੀਚ,
ਦੀਆਂ ਰੋਕਾਂ ਨੇ।
ਚੌਂਹ ਦਰਵਾਜੇ ਖੁੱਲ੍ਹੇ,
ਸਗਲ ਜਹਾਨ ਲਈ।
ਲੱਖਾਂ ਸਿਰ ਲੱਗੇ ਨੇ,
ਤੇਰੀ ਸ਼ਾਨ ਲਈ।

ਇੱਕ ਘੁੱਟ ਪੀ ਕੇ ਸਰ 'ਚੋਂ
ਗੈਰਤ ਜਾਗ ਪਵੇ।
ਤੇਰੀ ਹੱਤਕ ਦਾ ਬਦਲਾ,
ਪਲ ਵਿਚ ਤਾਰ ਦਵੇ।
ਬੂੰਦ ਬੜੀ ਏ ਮੱਸੇ ਦਾ
ਸਿਰ ਲਾਣ ਲਈ।
ਲੱਖਾਂ ਸਿਰ ਲੱਗੇ ਨੇ,
ਤੇਰੀ ਸ਼ਾਨ ਲਈ।

ਤੂੰ ਤੂੰਹੀਂ ਏਂ, ਵੇਖ ਲਏ ਨੇ,
ਸਾਰੇ ਦਰ।
ਤੂੰ ਅੰਮ੍ਰਿਤ ਦਾ ਕੁੰਡ ਤੂੰ ਹੀ,
'ਸਿਫਤੀ ਦਾ ਘਰ'।
'ਸੋਹਣੇ' ਲਫ਼ਜ਼ ਨਾ ਲੱਭੇ,
ਕੋਈ ਜੁਬਾਨ ਲਈ।
ਲੱਖਾਂ ਸਿਰ ਲੱਗੇ ਨੇ
ਤੇਰੀ ਸ਼ਾਨ ਲਈ।

***

## ਸੱਚ ਅੱਗੇ ਹਾਰ ਗਈਆਂ

ਸਦੀਆਂ ਤੋਂ ਸਿੱਖੀ ਨੂੰ,
ਪਰਖਣ ਤੇਗਾਂ, ਬਰਛੇ, ਛਵੀਆਂ।
ਸੱਚ ਅੱਗੇ ਹਾਰ ਗਈਆਂ,
ਐਪਰ ਦੇਗ, ਚਰਖੜੀ, ਤਵੀਆਂ।

ਮਨੂੰ ਵਰਗੇ ਮਰ-ਮੁੱਕ ਗਏ,
ਵੱਢ ਵੱਢ ਕੇ ਸਿੱਖੀ ਦੇ ਸੋਏ।
ਉਹ ਜਿਉਂ ਜਿਉਂ ਵੱਢਦਾ ਸੀ,
ਅਸੀਂ ਦੂਣ ਸਵਾਏ ਹੋਏ।
ਸਗੋਂ ਹੋਰ ਫੁੱਟਣ ਲਗਰਾਂ,
ਸੋਚਾਂ ਕਦੋਂ ਜ਼ੁਲਮ ਤੋਂ ਦਬੀਆਂ।
ਸੱਚ ਅੱਗੇ ਹਾਰ ਗਈਆਂ,
ਐਪਰ ਦੇਗ਼, ਚਰਖੜੀ, ਤਵੀਆਂ।

ਕਦੇ ਸ਼ਾਂਤੀ ਦੀ ਮੂਰਤ,
ਨੂੰ ਸੀ ਉੱਪਰ ਤਵੀ ਬਿਠਾਇਆ।
ਕਦੇ ਬੰਦ ਬੰਦ ਕੱਟੇ ਤੇ,
ਕਦੇ ਨੀਹਾਂ ਵਿਚ ਚਿਣਵਾਇਆ।
ਹਰ ਸਮੇਂ ਹਾਕਮਾਂ ਨੇ
ਵਰਤੀਆਂ ਸਦਾ ਵਿਉਂਤਾਂ ਨਵੀਆਂ।
ਸੱਚ ਅੱਗੇ ਹਾਰ ਗਈਆਂ,
ਐਪਰ ਦੇਗ਼, ਚਰਖੜੀ, ਤਵੀਆਂ।

ਹਰ ਸਿੱਖ ਦੇ ਸੀਨੇ 'ਚ
ਗੁੱਝੀ ਲਾਟ ਹੈ ਅੱਗ ਦੀ ਜਗਦੀ।
ਸੁਣ ਲੈਂਦਾ ਜਦ ਵਾਰਾਂ,
ਅਗਨੀ ਗੁਰ ਕਿਰਪਾ ਨਾਲ ਮਘਦੀ।
ਨਾ ਬੁਝਣ ਦਿੱਤੀ 'ਸੋਹਣੇ',
ਢਾਡੀ ਅਤੇ ਕਵੀਸ਼ਰ, ਕਵੀਆਂ।
ਸੱਚ ਅੱਗੇ ਹਾਰ ਗਈਆਂ।
ਸੱਚ ਅੱਗੇ ਹਾਰ ਗਈਆਂ,
ਐਪਰ ਦੇਗ਼, ਚਰਖੜੀ, ਤਵੀਆਂ।

***

# ਇਹ ਅਮਰ ਸ਼ਹੀਦੀ

ਪੰਜ-ਸੱਤ ਸਾਲ ਦੀ, ਨਿੱਕੀ ਉਮਰੇ।
ਹੱਦ ਹੋ ਗਈ ਹੱਦ, ਐਡੇ ਜਿਗਰੇ।
ਦੁਨੀਆਂ ਦੇ ਇਤਿਹਾਸ ਵਿਚਾਰੇ,
ਐਪਰ ਮੈਨੂੰ ਮਿਲੀ ਨਾ ਕਿਧਰੇ।
ਇਕ ਮਿਸਾਲ ਅਦੁੱਤੀ ਜਿਸ ਨੂੰ,
ਲੋੜ ਨਾ ਹੋਰ ਮਿਸਾਲਾਂ ਦੀ।
ਰਹੂ ਪਰਲੋਂ ਤੀਕਰ ਚੇਤੇ,
ਇਹ ਅਮਰ ਸ਼ਹੀਦੀ ਬਾਲਾਂ ਦੀ।

ਔਹ ਵੇਖੋ ਲਾਲਾਂ ਨੂੰ ਅੰਮੜੀ,
ਕਿਵੇਂ ਬੁੱਕਲ ਵਿਚ ਲਕੋਵੇ।
ਸੁਣਕੇ ਜ਼ੁਲਮ ਸਿਤਮ ਦੀ ਗਾਥਾ,
ਬੱਜਰ ਤੋਂ ਬੱਜਰ ਅੱਖ ਰੋਵੇ।
ਇਉਂ ਜਾਪੇ ਜਿਉਂ ਅੱਜ ਵਾਪਰੀ,
ਗੱਲ ਪਰ ਤਿੰਨ ਸੌ ਸਾਲਾਂ ਦੀ।
ਰਹੂ ਪਰਲੋਂ ਤੀਕਰ ਚੇਤੇ,
ਇਹ ਅਮਰ ਸ਼ਹੀਦੀ ਬਾਲਾਂ ਦੀ।

ਸਿੱਖ ਧਰਮ ਵਿਚ ਸਭ ਬਰਾਬਰ,
ਨਾ ਕਿਸੇ ਜਾਤ ਪਾਤ ਦੀ ਭੰਡੀ।
ਐਪਰ ਖ਼ੂਨ ਉਬਾਲੇ ਖਾਂਦਾ,
ਜਦ ਘੁੱਟਦੀ ਇਨਸਾਫ਼ ਦੀ ਘੰਡੀ।
ਗੰਗੂ, ਸੁੱਚੇ, ਸੂਬੇ ਜੇਹੀ।
ਤਿੱਕੜੀ ਰਲ਼ ਚੰਡਾਲਾਂ ਦੀ।
ਰਹੁ ਪਰਲੋਂ ਤੀਕਰੇ ਚੇਤੇ,
ਇਹ ਅਮੀਰ ਸ਼ਹੀਦੀ ਬਾਲਾਂ ਦੀ।

ਪੰਜ ਉਂਗਲਾਂ ਨਾਂ ਇਕੋ ਜਿਹੀਆਂ,
ਇਕੋ ਜਿਹਾ ਨਹੀਂ ਜੱਗ ਸਾਰਾ।
ਲੈ ਆਇਆ ਕੋਈ ਦੁੱਧ ਦੀ ਗੜਵੀ,
ਮਾਰ ਰਿਹਾ ਕੋਈ 'ਹਾਅ ਦਾ ਨਾਹਰਾ'।
ਮੋਹਰਾ ਦੇ ਕੇ ਕੋਈ ਸਮੇਟੇ,
ਮਿੱਟੀ ਮਾਂ ਤੇ ਬਾਲਾਂ ਦੀ।
ਰਹੁ ਪਰਲੋਂ ਤੀਕਰ ਚੇਤੇ,
ਇਹ ਅਮੀਰ ਸ਼ਹੀਦੀ ਬਾਲਾਂ ਦੀ।

ਭਾਜੀ, ਸਬਜੀ, ਦਾਲ, ਪੰਜੀਰੀ,
ਖੰਡ, ਘਿਓ, ਆਟੇ ਦੀਆਂ ਦੇਗਾਂ।
ਟਕੂਏ, ਬਰਛੇ, ਨੇਜੇ ਵਿਕਦੇ,
ਕੰਘੇ, ਕੜੇ ਤੇ ਖੰਡੇ ਤੇਗਾਂ।
ਲੋਹ-ਲੰਗਰ ਚਲਦੇ ਨੇ ਸਭ ਇਹ,
ਬਰਕਤ ਸੁਚੀਆਂ ਘਾਲਾਂ ਦੀ।
ਰਹੁ ਪਰਲੋਂ ਤੀਕਰ ਚੇਤੇ,
ਇਹ ਅਮੀਰ ਸ਼ਹੀਦੀ ਬਾਲਾਂ ਦੀ।

ਨਾਂ ਚਾਨਣ, ਨੂੰ ਮਾਰ ਸਕਣਗੇ,
ਲੱਖ ਹਨੇਰੇ ਡਾਂਗਾਂ ਮਾਰਨ।
ਕੂੜ-ਕਪਟ ਲੱਗੇ ਸਨ ਇੱਥੇ,
ਸੱਚ-ਸਿਦਕ ਦੀ ਸ਼ਕਲ ਬਿਗਾੜਨ।
ਸੱਚ ਸਵੇਰੇ ਸਾਹਵੇਂ 'ਸੋਹਣੇ',
ਕੀ ਵੁੱਕਤ ਤਿਰਕਾਲਾਂ ਦੀ।
ਰਹੁ ਪਰਲੋਂ ਤੀਕਰ ਚੇਤੇ,
ਇਹ ਅਮੀਰ ਸ਼ਹੀਦੀ ਬਾਲਾਂ ਦੀ।

# ਕਰਤੇ ਨੂੰ ਪੂਜੋ

ਕਰਤੇ ਨੂੰ ਪੂਜੋ ਸਿੰਘੋ,
ਕ੍ਰਿਤ ਨੂੰ ਧਿਆਵੋ ਨਾ।
ਸਿੱਖੀ ਦਾ ਰੋਲਾ ਪਾਉਂਦਾ,
ਬੁੱਤਾਂ ਦੇ ਚੜ੍ਹਿਆ ਹੱਥੇ।
'ਸੋਦਰ' ਸੋ ਪੁਰਖ ਨੂੰ ਪੜ੍ਹ ਕੇ,
ਫੋਟੋ ਨੂੰ ਟੇਕੇ ਮੱਥੇ।
ਇੱਕ ਦੇ ਬਣ ਜਾਓ ਦੂਹਰੀ
ਨੀਤੀ ਅਪਣਾਵੋ ਨਾ।
ਕਰਤੇ ਨੂੰ ਪੂਜੋ ਸਿੰਘੋ
ਕ੍ਰਿਤ ਨੂੰ ਧਿਆਵੋ ਨਾ।

ਸੋਨੇ ਦੇ ਬਟਣਾਂ ਵਾਲਾ,
ਮਾਇਆ ਨੂੰ ਨਾਗਣ ਕਹਿੰਦਾ।
ਕੁੱਲੀ ਨੂੰ ਜੰਨਤ ਦੱਸੇ,
ਕੋਠੀ ਦੇ ਵਿਚ ਜੋ ਰਹਿੰਦਾ।
ਕਹਿਣੀਂ ਕਰਨੀ ਦਾ ਕੱਚਾ,
ਪੈਰੀਂ ਹੱਥ ਲਾਵੋ ਨਾ।
ਕਰਤੇ ਨੂੰ ਪੂਜੋ ਸਿੰਘੋ
ਕ੍ਰਿਤ ਨੂੰ ਧਿਆਵੋ ਨਾ।
ਨਾਨਕ ਫਕੱਰ ਦੇ ਚੇਲਾ,
ਟੋਇਓਟਾ ਵਿਚ ਚੜ੍ਹਕੇ ਆਉਂਦਾ।
ਖਾ ਕੇ ਬਦਾਮ ਛੁਹਾਰੇ,
ਲਾਲੋ ਦੀ ਕਥਾ ਸੁਣਾਉਂਦਾ।
ਮੱਤਾਂ ਦਿੰਦਾ ਕਿ ਜੱਫੇ,
ਮਾਇਆ ਨੂੰ ਪਾਵੋ ਨਾ।
ਕਰਤੇ ਨੂੰ ਪੂਜੋ ਸਿੰਘੋ...।

ਇਹੋ ਜਿਹੇ ਦਿਨ ਪੰਥ 'ਤੇ,
ਪਹਿਲਾਂ ਭੀ ਆਏ ਸਿੰਘੋ।
ਸਾਧਾਂ ਤੋਂ ਗੁਰਦੁਆਰੇ
ਮੁਸ਼ਕਿਲ ਛੁਡਾਏ ਸਿੰਘੋ।
ਪੰਜਾ ਸਾਹਿਬ ਦਾ ਸਾਕਾ,
ਮੁੜ ਮੁੜ ਦੁਹਰਾਵੋ ਨਾ।
ਕਰਤੇ ਨੂੰ ਪੂਜੋ ਸਿੰਘੋ...

ਛੋਟੀ ਜਿਹੀ ਦਿਆਂ ਉਦਾਹਰਣ,
ਅੰਮਾਂ ਜਦ ਪੀਂਹਦੀ ਲੋਕੋ।
ਛੱਡੇ ਜੋ ਕਿੱਲੀ ਦਾਣਾ,
ਚੱਕੀ ਪੀਹ ਦਿੰਦੀ ਲੋਕੋ।
ਗੁਰੂ ਹੈ ਕਿੱਲੀ 'ਸੋਹਣੇ'
ਛੱਡਕੇ ਦੁੱਖ ਪਾਵੋ ਨਾ।
ਕਰਤੇ ਨੂੰ ਪੂਜੋ ਸਿੰਘੋ
ਕ੍ਰਿਤ ਨੂੰ ਧਿਆਵੋ ਨਾ।

***

## ਸੋ ਕਿਉਂ ਮੰਦਾ ਆਖੀਐ

ਇਸਤਰੀ ਦੇ ਵਿਚ ਰੂਹ ਨਹੀਂ ਹੁੰਦੀ,
'ਵਾਇਨਗੋ' ਦਾ ਐਲਾਨ।
'ਸੈਕਸ਼ਪੀਅਰ' ਕਮਜ਼ੋਰ ਆਖਦਾ,
'ਨੈਪੋਲੀਅਨ' ਕਹੇ ਨਾਦਾਨ।

ਨਾ ਮੁਕੰਮਲ ਚੀਜ਼ ਅਧੂਰੀ,
ਕਹੇ 'ਅਰਸਤੂ' ਅਣਜਾਣ।
ਨਾਰੀ ਜੜ੍ਹ ਬੁਰਿਆਈਆਂ ਦੀ,
'ਸੁਕਰਾਤ' ਦਾ ਬਿਆਨ।

ਬੰਧਨ, ਮਾਇਆ, ਸ੍ਰਪਣੀ ਆਖਣ,
'ਜੈਨੀ' ਤੁਹਮਤ ਲਾਣ।
'ਇਨ ਬਾਘਨ ਤ੍ਰੈਅ ਲੋਈ ਖੋਈ',
'ਗੋਰਖ' ਕਰੇ ਅਪਮਾਨ।

ਢੋਲ, ਗਵਾਰ, ਨਾਰੀ, ਪਸੁ, ਸੂਦਰ,
ਦੇ ਅੰਦਰ ਨਹੀਂ ਜਾਨ।
ਪੰਜਾਂ ਨੂੰ ਤਾੜਨ ਤੇ ਲੱਗਾ
'ਤੁਲਸੀ' ਦਾ ਸਭ ਤਾਣ।

ਨਰਕ ਦੁਆਰਾ, ਜ਼ਹਿਰ ਦੀ ਗੰਦਲ,
ਤਿੱਖੀ ਛੁਰੀ ਸਮਾਨ।
ਮੁਕਤੀ ਦੇ ਰਾਹ ਦਾ ਹੈ ਰੋੜਾ,
ਕਹਿ ਗਏ ਕਈ ਇਨਸਾਨ।

ਐਨਾ ਜ਼ੁਲਮ ਤੇ ਐਨਾ ਧੱਕਾ,
ਪੜ੍ਹ ਪੜ੍ਹ ਹੋਇਆ ਹੈਰਾਨ।
ਅਗਿਆਨਣ, ਪੂਜਾ ਤੋਂ ਵਾਂਝੀ,
'ਮਨੂੰ' ਦਾ ਆਖਾਣ।

ਸਭ ਪਾਪਾਂ ਦਾ ਮੂਲ ਕੋਈ ਆਖੇ,
ਕੋਝੇ ਕਰਨ ਵਖਿਆਣ।
ਜਣਨੀ ਨੂੰ ਨਾ ਜਾਣਿਆ ਜਿਹਨੇ,
ਕਾਹਦਾ ਚਤਰ ਸੁਜਾਨ।

ਕਿੱਡਾ ਸੋਹਣਾ ਐਪਰ 'ਸੋਹਣੇ',
ਨਾਨਕ ਦਾ ਫੁਰਮਾਨ।
'ਸੋ ਕਿਉ, ਮੰਦਾ ਆਖੀਐ,
ਜਿਤੁ ਜੰਮਹਿ ਰਾਜਾਨ॥
'ਸੋ ਕਿਉ ਮੰਦਾ ਆਖੀਐ,
ਜਿਤੁ ਜੰਮਹਿ ਰਾਜਾਨ॥

✶✶✶

## ਬੇਦਾਵਾ

ਸਿੰਘ ਲਿਖ ਗਏ ਬੇਦਾਵਾ।
ਸਾਰਾ ਦੱਸ ਸਿਰਨਾਵਾਂ।
ਜਿੰਨੀ ਨਿਭ ਗਈ ਵਾਹਵਾ।
ਹੋਰ ਹੁੰਦੀ ਨਹੀਓਂ ਸੇਵ।
ਅਸੀਂ ਸਿੱਖ ਨਹੀਂ ਤੇਰੇ,
ਤੂੰ ਨਹੀਂ ਸਾਡਾ ਗੁਰਦੇਵ।

ਕਿੰਨੇ ਮਾਹ ਤੇ ਦਿਹਾੜੇ।
ਛੋਲੇ ਚੱਬ ਕੇ ਗੁਜਾਰੇ।
ਅਸੀਂ ਭੁੱਖ ਹੱਥੋਂ ਹਾਰੇ।
ਨਹੀਓਂ ਕਰਦੇ ਫਰੇਬ।
ਅਸੀਂ ਸਿੱਖ ਨਹੀਂ ਤੇਰੇ...।

ਘਰੇ ਆ ਕੇ ਪਏ ਸਹਿਣੇ।
ਮਾਤਾ ਭਾਗੋ ਦੇ ਮਿਹਣੇ।
ਭੱਜੇ ਕੰਮ ਤੋਂ ਕੁਲਹਿਣੇ।
ਵਿਹਲੇ ਛਕਦੇ ਸੀ ਦੇਗ।
ਕਾਹਦਾ ਜੀਣਾ ਉਹਦਾ, ਜਿਹਦਾ,
ਰੁੱਸ ਜਾਏ ਗੁਰਦੇਵ।

ਭਾਗੋ ਕਹਿੰਦੀ ਸਰਦਾਰੋ।
ਸੁਣੋ ਪਾਪੀਓ ਗਦਾਰੋ।
ਘਰੇ ਬਹਿਕੇ ਮੌਜਾਂ ਮਾਰੋ।
ਪਹਿਨੋ ਚੂੜੇ ਤੇ ਪੰਜੇਬ।
ਭੁੱਲਣ ਹਾਰਾ ਜੱਗ ਸਾਰਾ,
ਬਖਸ਼ੰਦ ਗੁਰਦੇਵ।

ਮਿਹਣੇ ਸੀਨੇ ਗਏ ਸੱਲ।
ਭੱਜੇ ਖਿਦਰਾਣੇ ਵੱਲ।
ਪਾਈ ਵੈਰੀਆਂ ਨੂੰ ਠੱਲ੍ਹ।
ਲੱਥ ਗਿਆ ਅਹੰਮੇਵ।
ਕਰਦੇ ਨੇ ਅਰਜੋਈ,
ਬਖ਼ਸ਼ ਲਓ ਗੁਰਦੇਵ।

ਮਹਾਂ ਸਿੰਘ ਭੁੱਬਾਂ ਮਾਰ।
ਰਿਹਾ ਅਰਜ ਗੁਜਾਰ।
ਪਾੜੋ ਲਿਖਤ ਦਾਤਾਰ।
ਫੋਲੋ ਬਾਣੇ ਦੀ ਜੇਬ।
ਸ਼ਰਨ ਆਏ ਭੁੱਲਿਆਂ ਦੀ,
ਪੈਜ ਰਾਖੋ ਗੁਰਦੇਵ।

ਗੁਰੂ ਬਖ਼ਸ਼ਣਹਾਰ।
ਦਿੱਤਾ ਬੇਦਾਵਾ ਪਾੜ।
ਕਰਦੇ ਨੇ ਜੈ ਜੈਕਾਰ।
'ਸੋਹਣੇ' ਅਰਸ਼ਾਂ ਦੇ ਦੇਵ।
ਔਗਣ ਬਖ਼ਸ਼ ਲਏ ਸਾਰੇ,
ਟੁੱਟੀ ਗੰਢੀ ਗੁਰਦੇਵ।
ਟੁੱਟੀ ਗੰਢੀ ਗੁਰਦੇਵ।

***

# ਝੁਕਦੇ ਨਹੀਂ ਅਸੀਂ

ਝੁਕਦੇ ਨਹੀਂ ਅਸੀਂ
ਯਾਦ ਰੱਖੀਂ ਸੂਬਿਆ।

ਸਭ ਕੁਝ ਸੂਝ ਸਾਨੂੰ,
ਬਾਲੜੀ ਰੁੱਤੇ।
ਤੇਰੇ ਦਿੱਤੇ ਹੋਏ ਲੋਭ,
ਲਾਲਚਾਂ ਉੱਤੇ।
ਥੁੱਕਦੇ ਨਹੀਂ ਅਸੀਂ,
ਯਾਦ ਰੱਖੀਂ ਸੂਬਿਆ।
ਝੁਕਦੇ ਨਹੀਂ ਅਸੀਂ,
ਯਾਦ ਰੱਖੀ ਸੂਬਿਆ।

ਦੇਗ਼ ’ਚ ਉਬਾਲ,
ਅੱਗਾਂ ਲਾਕੇ ਥੱਕ ਗਏ।
ਸੀਸਾਂ ਉੱਤੇ ਆਰੇ ਵੀ,
ਚਲਾ ਕੇ ਅੱਕ ਗਏ।
ਮੁਕਦੇ ਨਹੀਂ ਅਸੀਂ,
ਯਾਦ ਰੱਖੀਂ ਸੂਬਿਆ।
ਝੁਕਦੇ ਨਹੀਂ ਅਸੀਂ,
ਯਾਦ ਰੱਖੀ ਸੂਬਿਆ।

ਕੱਛ, ਕੜੇ, ਕੰਘੇ,
ਕ੍ਰਿਪਾਨ ਕਰਕੇ।
ਸਿੱਖੀ ਬਾਣਾ ਕੇਸਾਂ ਦੀ,
ਪਛਾਣ ਕਰਕੇ।
ਲੁੱਕਦੇ ਨਹੀਂ ਅਸੀਂ,
ਯਾਦ ਰੱਖੀਂ ਸੂਬਿਆ।

ਝੁਕਦੇ ਨਹੀਂ ਅਸੀਂ,
ਯਾਦ ਰੱਖੀਂ ਸੂਬਿਆ।

'ਸੋਹਣੇ' ਸੁਣ ਸੁਣ,
ਵੱਡਿਆਂ ਦੀ ਵਿਥਿਆ।
ਜ਼ੁਲਮ ਦੇ ਨਾਸ਼ ਦਾ,
ਨਿਸ਼ਾਨਾ ਮਿਥਿਆ।
ਉੱਕਦੇ ਨਹੀਂ ਅਸੀਂ,
ਯਾਦ ਰੱਖੀਂ ਸੂਬਿਆ।
ਝੁਕਦੇ ਨਹੀਂ ਅਸੀਂ,
ਯਾਦ ਰੱਖੀ ਸੂਬਿਆ।

***

## ਦਸਮੇਸ ਵਰਗਾ

ਸਿਰ ਕਲਗੀ ਲਗਾ ਕੇ।
ਬਾਣਾ ਕੇਸਰੀ ਵੀ ਪਾ ਕੇ।
ਲੱਖ ਵੇਸ ਕਰ ਲਏ,
ਉਹਦੇ ਵੇਸ ਵਰਗਾ।
ਨਾ ਕੋਈ ਹੋਇਆ ਨਾ ਕੋਈ ਹੋਣਾ,
ਦਸਮੇਸ ਵਰਗਾ।

ਲੱਖਾਂ ਹੋਏ ਅਵਤਾਰ,
ਕਿਸੇ ਖੋਹਿਆ ਕਿਸੇ ਲਿੱਤਾ।
ਕਿਸੇ ਇਕ ਨੇ ਵੀ ਪਰ
ਤੋਹਫਾ ਐਸਾ ਨਹੀਓਂ ਦਿੱਤਾ।
ਕੱਛ, ਕੜੇ, ਕ੍ਰਿਪਾਨ,
ਕੰਘੇ ਕੇਸ ਵਰਗਾ।
ਨਾ ਕੋਈ ਹੋਇਆ ਨਾ ਕੋਈ ਹੋਣਾ,
ਦਸਮੇਸ ਵਰਗਾ।

ਪੰਜ ਦਿਨਾਂ ਵਿਚ ਪੰਜ,
ਸਕੇ ਮੋਏ ਹੋਣ ਜਿਹਦੇ।
ਇਕ ਹਾਉਕਾ ਵੀ ਨਾ ਲਏ,
ਹੰਝੂ ਭਰੇ ਨਾ ਓਹ ਦੀਦੇ।
ਕੀ ਕਲੇਸ਼ ਹੋਰ ਇਹੋ ਜਿਹੇ,
ਕਲੇਸ਼ ਵਰਗਾ।
ਨਾ ਕੋਈ ਹੋਇਆ ਨਾ ਕੋਈ ਹੋਣਾ
ਦਸਮੇਸ ਵਰਗਾ।

ਜੱਗ ਜਾਣਦਾ ਏ ਸਾਰਾ,
ਮੈਂ ਵੀ ਸੱਚੀਆਂ ਸੁਣਾਉਂਦਾ।
ਰਾਜੇ ਮਾਜਰੀਆ 'ਸੋਹਣਾ',
ਗੱਲ ਮੁੱਕਦੀ ਮੁਕਾਉਂਦਾ।
ਸੂਰੇ, ਯੋਧੇ, ਦਾਤੇ, ਦਾਨੀ,
ਦਰਵੇਸ ਵਰਗਾ।
ਨਾ ਕੋਈ ਹੋਇਆ ਨਾ ਕੋਈ ਹੋਣਾ
ਦਸਮੇਸ ਵਰਗਾ।

***

## ਕਹਿੰਦੀ ਸਤਿਗੁਰ ਦੀ ਬਾਣੀ

ਸੱਚ ਬੋਲੀਂ ਜਿੰਦੇ,
ਕਹਿੰਦੀ ਸਤਿਗੁਰ ਦੀ ਬਾਣੀ।
ਵਿੱਚ ਵਿਚੋਲੀ ਜਿੰਦੇ,
ਰਹਿੰਦੀ ਸਤਿਗੁਰ ਦੀ ਬਾਣੀ।

ਕੋਈ ਮੰਦਾ ਚੰਗਾ ਕਹਿਜੇ।
ਸੋਈ ਸਿੱਖ ਜਿਹੜਾ ਸਹਿਜੇ।
ਰਹੀਂ ਚੜ੍ਹਦੀ ਕਲਾ ’ਚ,
ਕਦੇ ਬਿਪਦਾ ਜੇ ਪੈ ਜਾਏ।
ਨਾ ਤੂੰ ਡੋਲੀ ਜਿੰਦੇ,
ਕਹਿੰਦੀ ਸਤਿਗੁਰ ਦੀ ਬਾਣੀ।

ਕੋਈ ਅੱਲਾ ਦਾ ਸ਼ੁਦਾਈ।
ਕੋਈ ਬਣਿਆ ਕਸਾਈ।
ਸਭ ਰੂਪ ਹੈ ਉਸੇ ਦਾ,
ਛੱਡ ਨਿੰਦਿਆ ਪਰਾਈ।
ਆਪਾ ਤੋਲੀਂ ਜਿੰਦੇ,
ਕਹਿੰਦੀ ਸਤਿਗੁਰ ਦੀ ਬਾਣੀ।

ਕੋਈ ਜ਼ੁਲਮ ਕਮਾਏ।
ਤੱਤੀ ਤਵੀ ਤੇ ਬਿਠਾਏ।
ਭਾਣਾ ਮਿੱਠਾ ਕਰ ਮੰਨੀ,
ਪਰ ਕਹਿਣ ਲਈ ਹਾਏ।
ਮੂੰਹ ਨਾ ਖੋਲੀਂ ਜਿੰਦੇ,
ਕਹਿੰਦੀ ਸਤਿਗੁਰ ਦੀ ਬਾਣੀ।

ਬਾਣੀ ਮਨੋਂ ਨਾ ਵਿਸਾਰੀਂ।
ਪੜ੍ਹੀਂ, ਸੁਣੀਂ ਤੇ ਵਿਚਾਰੀਂ।
ਕਰੀ ਨੇਕ ਕਮਾਈਆਂ,
ਕਦੇ ਡੰਡੀਆਂ ਨਾ ਮਾਰੀਂ।
ਪੂਰਾ ਤੋਲੀਂ ਜਿੰਦੇ,
ਕਹਿੰਦੀ ਸਤਿਗੁਰ ਦੀ ਬਾਣੀ।

ਭੈ ਵਿੱਚ ਸਾਰੀ ਰਈਆ।
ਨਿੱਤ ਨੱਚੇ ਥੱਈਆ ਥੱਈਆ।
ਜਿੰਦ ਮੂਸੇ ਦੀ ਨਿਆਈ,
'ਸੋਹਣੇ' ਕਾਲ ਹੈ ਬਿਲੱਈਆ।
ਬਣ ਨਾ ਭੋਲੀ ਜਿੰਦੇ,
ਕਹਿੰਦੀ ਸਤਿਗੁਰ ਦੀ ਬਾਣੀ
ਸੱਚ ਬੋਲੀ ਜਿੰਦੇ
ਕਹਿੰਦੀ ਸਤਿਗੁਰ ਦੀ ਬਾਣੀ।

***

# ਹੋਇਆ ਕੀ ਜੇ ਚਾਰ ਮਰ ਗਏ

ਲੱਖਾਂ ਜਿਉਂਦੇ, ਹੋਇਆ ਕੀ,
ਜੇ ਚਾਰ ਮਰ ਗਏ।

ਵੱਡੇ ਲਾਲ ਗੜ੍ਹੀ ਮੁਹਰੇ,
ਵਿਚ ਜੰਗ ਦੇ।
ਛੋਟੇ ਲਾਲ ਦੋਵੇਂ ਵਿੱਚ,
ਖ਼ੂਨੀ ਕੰਧ ਦੇ।
ਜਿੰਦਾਂ ਕੌਮ ਲੇਖੇ,
ਅਪਣੀਆਂ ਕਰ ਗਏ।
ਲੱਖਾਂ ਜਿਉਂਦੇ ਹੋਇਆ ਕੀ...।

ਜ਼ਾਲਮਾਂ ਨੂੰ ਭਰਮ ਕਿ,
ਜਿੰਦਾਂ ਮੁੱਕੀਆਂ।
ਪਰ ਇਹਨਾਂ ਸਿੱਖੀ ਦੀਆਂ,
ਨੀਹਾਂ ਰੱਖੀਆਂ।
ਦੇਹਾਂ ਨਾਲ ਸਿੱਖੀ ਦੀਆਂ,
ਨੀਹਾਂ ਭਰ ਗਏ।
ਲੱਖਾਂ ਜਿਉਂਦੇ ਹੋਇਆ ਕੀ...।

ਮਰਨੇ ਦਾ ਡਰ ਨਾ ਹੀ,
ਖ਼ੌਫ ਅੱਗ ਦਾ।
ਤੇਰਾ ਭਾਣਾ ਰੱਬਾ ਸਾਨੂੰ,
ਮਿੱਠਾ ਲੱਗਦਾ।
ਬਾਬੇ ਦੇ ਬਾਬੇ ਦਾ ਕਿਹਾ
ਸੱਚ ਕਰ ਗਏ।
ਲੱਖਾਂ ਜਿਉਂਦੇ ਹੋਇਆ ਕੀ...।

ਦੇਸ ਕੌਮ ਉੱਤੋਂ ਚਾਰੇ,
ਜਿੰਦਾ ਵਾਰ ਗਏ।
ਸੀਸ ਦੇ ਕੇ 'ਸੋਹਣੇ',
ਕਰਜਾ ਉਤਾਰ ਗਏ।
ਕੁਲਾਂ ਤਾਰ ਗਏ ਨਾਲੇ,
ਆਪ ਤਰ ਗਏ।
ਲੱਖਾਂ ਜਿਉਂਦੇ ਹੋਇਆ ਕੀ
ਜੇ ਚਾਰ ਮਰ ਗਏ।

***

## ਰੁਬਾਈਆਂ

ਚੰਦਨ ਲੇਪ ਪਿੰਡੇ ਨੂੰ ਕੀਤਾ,
ਲਾਇਆ ਕੇਸਰ ਮੱਥੇ।
ਰੁਦਰ-ਮਾਲਾ, ਸੰਖ ਤੇ ਚਿੱਪੀ,
ਕੁੰਭ, ਨਾਰੀਅਲ ਇੱਥੇ।
ਮੈਂ ਜੋਗੀ ਮੈਂ ਨਾਥ ਵਡੇਰਾ,
ਮੈਂ ਗਿਆਨੀ ਮੈਂ ਧਿਆਨੀ,
ਬੈਠ ਉਡੀਕੇ 'ਸਹੁ' ਨੂੰ 'ਸੋਹਣਾ',
ਮੈਂ ਮੂਹਰੇ ਰੱਬ ਕਿੱਥੇ।

ਅੱਖਾਂ ਮੁੰਦੀਆਂ ਮੌਨ ਧਾਰਿਆ,
ਲਾਇਆ ਤਾਣ ਬਥੇਰਾ।
ਰਿਸ਼ੀ ਮੁਨੀ ਵੀ ਪਾ ਨਾ ਸਕੇ,
ਆਦਿ ਅੰਤ ਕੋਈ ਤੇਰਾ।
ਅਠਸਠ ਤੀਰਥ ਨਹਾ ਕੇ ਵੀ ਨਾ,
ਦਰਸਣ ਹੋਏ 'ਸੋਹਣੇ',
ਬਾਹਰ ਭਾਲਦੀ ਫਿਰਦੀ ਦੁਨੀਆਂ
ਅੰਦਰ ਉਸ ਦਾ ਡੇਰਾ।

ਬੂਰੀ ਮਹਿੰ ਦੇ ਦੁੱਧ ਦਾ ਖੋਇਆ,
ਬੰਨ ਪੰਜੀਰੀ ਪੱਲੇ।
ਯਾਰਾਂ ਮਿਲਕੇ ਸੰਗ ਬਣਾਏ,
ਜੋੜੇ ਕਈ ਇਕੱਲੇ।
ਤਰਲੇ ਮਿੰਨਤਾਂ ਪਾ ਸ਼ਾਹਾਂ ਤੋਂ,
ਦਮੜੇ ਲੈ ਉਧਾਰੇ,
'ਸੋਹਣੇ' ਤੀਰਥਾਂ ਉੱਤੇ 'ਸਿਆਣੇ'
ਰੱਬ ਨੂੰ ਭਾਲਣ ਚੱਲੇ।

ਵਰਤ ਰੱਖਦਾ ਪੁੰਨਿਆ ਦਾ ਤੇ,
ਆਈ ਮੱਸਿਆ ਨਾਵੇ।
ਮੱਠ-ਮੜ੍ਹੀਆਂ ਤੇ ਮੱਥੇ ਰਗੜੇ,
ਮਿੱਠੇ ਰੋਟ ਚੜ੍ਹਾਵੇ।
'ਕ੍ਰਿਤਮ' ਪੂਜਾ ਛੰਡਕੇ 'ਸੋਹਣੇ',
ਕਰ 'ਕਰਤੇ' ਦੀ ਪੂਜਾ,
ਇਕ ਮਿੱਕ ਹੋ ਜਾਂਦਾ ਉਹ ਇਕ ਦਿਨ,
ਜੋ ਇਕ ਦਾ ਹੋ ਜਾਵੇ।

ਲਟ ਲਟ ਬਲਦੇ ਨੈਣ ਰੱਤੜੇ,
ਦਗ ਦਗ ਦਗਦਾ ਚਿਹਰਾ।
ਧੂਫ ਧੁਖਾਈ ਦੀਪਕ ਜਗਦਾ
ਨਿੱਕ-ਸੁੱਕ ਹੋਰ ਬਥੇਰਾ।
ਹੀਰੇ ਮੋਤੀ ਜੜਿਆ ਮੰਦਰ,
ਝਿਲ ਮਿਲ ਤਾਰੇ 'ਸੋਹਣੇ',
ਚਾਰ ਚੁਫੇਰਾ ਜਗਮਗ ਜਗਮਗ,
ਅੰਦਰ ਘੁੱਪ ਹਨੇਰਾ।

ਰਾਮ ਮੰਨੇ ਨਾ ਪੂਰੀਆਂ ਨਾਲ ਲੋਕੋ,
'ਜੂਠੇ' ਰਾਮ ਨੂੰ ਦਿੰਦਾ ਨਾ ਬੇਰ ਕੋਈ।
ਮੱਖਣ ਪੇੜੇ ਨਾ ਮੰਗਦਾ ਕਾਹਨ ਲੋਕੋ,
ਦਿਓ ਸਾਗ 'ਅਲੂਣਾ' ਫੇਰ ਕੋਈ।
ਰੋਟੀ 'ਕੋਧਰੇ' ਦੀ ਉੱਤੇ ਧਰ ਗੰਢਾ,
ਨਾਨਕ ਛਕੇ, ਨਾ ਲਾਉਂਦਾ ਦੇਰ ਕੋਈ।
ਧੰਨ ਦੌਲਤਾਂ ਚਾੜ੍ਹਦੇ ਮਣਾਂ-ਮੂੰਹੀ,
ਚਾੜ੍ਹੇ 'ਪ੍ਰੇਮ' ਨਾ 'ਸੋਹਣਿਆਂ' ਸੇਰ ਕੋਈ।

## ਕੋਈ ਰੀਸ ਨਹੀਂ ਕਰ ਸਕਦਾ

ਉਸ ਪੁੱਤਰਾਂ ਦੇ ਦਾਨੀ ਦੀ,
ਉਸ ਦਾਤੇ ਦਾਤਾਰ ਦੀ।
ਕੋਈ ਰੀਸ ਨਹੀਂ ਕਰ ਸਕਦਾ,
ਮੇਰੇ ਦਸਵੇਂ ਗੁਰੂ-ਅਤਵਾਰ ਦੀ।

ਨਾ ਜੋਗੀ ਨਾ ਭੋਗੀ ਜਾਣੇ,
ਨਾ ਕੋਈ ਜਾਣੇ ਮੁਨੀ ਮਛੰਦਰ।
ਅੰਮ੍ਰਿਤ ਦਾ ਦਾਤਾ ਹੀ ਜਾਣੇ,
ਕੀ ਕੁਝ ਹੈ ਅੰਮ੍ਰਿਤ ਦੇ ਅੰਦਰ।
ਐਵੇਂ ਨਹੀਂ ਚਿੜੀਆਂ ਦੀ ਟੋਲੀ,
ਬਾਜਾਂ ਨੂੰ ਲਲਕਾਰ ਦੀ।
ਕੋਈ ਰੀਸ ਨਹੀਂ ਕਰ ਸਕਦਾ...।

ਚੁੱਪ-ਚਾਪ ਚੌਗਿਰਦਾ ਹੋਵੇ
ਤਾਂ ਕੋਈ ਨਾਮ ਧਿਆਉਂਦੈ ਲੋਕੋ।
ਇਕ ਕੌਤਕ ਤੱਕ ਤਪੀ, ਤਪੀਸਰ,
ਮੂੰਹ ਵਿਚ ਉਂਗਲਾਂ ਪਾਉਂਦੇ ਲੋਕੋ।
ਸਰਸਾ ਦੀ ਜੰਗ ਵਿਚੋਂ ਸੁਣ ਕੇ
ਧੁਨ 'ਆਸਾ ਦੀ ਵਾਰ' ਦੀ।
ਕੋਈ ਰੀਸ ਨਹੀਂ ਕਰ ਸਕਦਾ...।

ਸਿੰਘਾਂ ਦੇ ਤਨ ਰੁਲਦੇ ਰਣ ਵਿਚ,
ਨਾਲੇ ਦੋ ਦੁਲਾਰੇ ਅਪਣੇ।
ਮਿਹਣਾ ਨਾ ਕੋਈ ਮਾਰੇ ਪਿੱਛੋਂ
'ਕਿੰਨੇ ਪੁੱਤ ਪਿਆਰੇ ਅਪਣੇ'।

ਫੇਰ ਲਿਆ ਮੂੰਹ, ਲਾਸ਼ ਕੱਜੀ ਨਾ,
ਤਾਹੀਓਂ ਅਜੀਤ ਜੁਝਾਰ ਦੀ।
ਕੋਈ ਰੀਸ ਨਹੀਂ ਕਰ ਸਕਦਾ...।

'ਸੋਹਣੇ' ਰਾਜੇਮਾਜਰੀਏ ਨਾ,
ਅੱਥਰੂ ਇਕ ਬਹਾਇਆ ਉਸਨੇ।
ਅਪਣੇ ਮਿੱਤਰ ਪਿਆਰੇ ਤਾਂਈਂ,
ਗਾ ਕੇ ਸਗੋਂ ਸੁਣਾਇਆ ਉਸਨੇ।
ਆਖੇ ਰੱਬ ਨੂੰ ਲੈ ਅੱਜ ਲੱਥੀ,
ਪੰਡ ਕਰਜ਼ੇ ਦੇ ਭਾਰ ਦੀ।
ਕੋਈ ਰੀਸ ਨਹੀਂ ਕਰ ਸਕਦਾ...।
ਮੇਰੇ ਦਸਵੇਂ ਗੁਰ-ਅਤਵਾਰ ਦੀ।

***

# ਵੇਖਾਂ ਕਿੰਨਾਂ ਤੈਨੂੰ ਸਿਦਕ ਪਿਆਰਾ

ਆਖਦਾ ਜਲਾਦ ਸਿੰਘ ਨੂੰ,
ਤੇਰਾ ਬੰਦ ਬੰਦ ਕੱਟ ਦੇਣਾ ਯਾਰਾ।
ਤੂੰ ਅੱਡੇ ਉੱਤੇ ਰੱਖ ਉਂਗਲਾਂ,
ਵੇਖਾਂ ਕਿੰਨਾ ਤੈਨੂੰ ਸਿਦਕ ਪਿਆਰਾ।

ਹੋਣੀ ਕੱਟ ਦੇਂਦੀ,
ਖੱਬੀਖਾਨਾਂ ਦੇ ਵੀ ਖੰਭ ਵੇ।
ਮੌਤ ਵੇਖ ਸਿੰਘਾ,
ਵੱਡੇ ਵੱਡੇ ਜਾਂਦੇ ਕੰਬ ਵੇ।
ਕਿਹਨੇ ਜਿੱਤੀ ਮੌਤ ਜੱਗ ਤੇ,
ਕਿਹਦਾ ਹੋਣੀ ਅੱਗੇ ਚਲਿਆ ਏ ਚਾਰਾ।
ਤੂੰ ਅੱਡੇ ਉੱਤੇ ਰੱਖ ਉਂਗਲਾਂ,
ਵੇਖਾਂ ਕਿੰਨਾ ਤੈਨੂੰ ਸਿਦਕ ਪਿਆਰਾ।

ਆਖਦਾ ਜਲਾਦ ਮਨੀ ਸਿੰਘਾ,
ਛੱਡ ਜੋਸ਼ ਤੂੰ।
ਮੌਤ ਨਾ ਕਬੂਲ ਇਕ ਵਾਰੀ,
ਫੇਰ ਸੋਚ ਤੂੰ।
ਡੋਲ੍ਹੇ ਦੇਈਏ ਬੇਗਮਾਂ ਦੇ,
ਸਿੱਖੀ ਛੱਡਦੇ ਸਿੰਘਾ ਸਰਦਾਰਾ।
ਤੂੰ ਅੱਡੇ ਉੱਤੇ ਰੱਖ ਉਂਗਲਾਂ,
ਵੇਖਾਂ ਕਿੰਨਾ ਤੈਨੂੰ ਸਿਦਕ ਪਿਆਰਾ।

ਬੰਦ ਕੱਟਣੇ ਨੂੰ ਮੁੱਢ,
ਧਰਤੀ 'ਚ ਗੱਡਿਆ।
ਖੋਲ ਦਰਵਾਜ਼ਾ ਸ਼ੇਰ,
ਕੋਠੜੀ 'ਚੋਂ ਕੱਢਿਆ।
ਕਿਲੇ ਦੀਆਂ ਕੰਧਾਂ ਕੰਬੀਆਂ,
ਮਨੀ ਸਿੰਘ ਜਦੋਂ ਛੱਡਿਆ ਜੈਕਾਰਾ।
ਤੂੰ ਅੱਡੇ ਉੱਤੇ ਰੱਖ ਉਂਗਲਾਂ,
ਵੇਖਾਂ ਕਿੰਨਾ ਤੈਨੂੰ ਸਿਦਕ ਪਿਆਰਾ।

ਰੁਕ ਜਾ ਜਲਾਦਾ ਕਰ,
ਹੁਕਮ ਦੀ ਪਾਲਣਾ।
ਰਹਿਮ ਜਾਂ ਤਰਸ ਤੂੰ,
ਵਰਤ ਮੇਰੇ ਨਾਲ ਨਾ।
ਤੂੰ ਪੋਟਾ ਪੋਟਾ ਕੱਟ 'ਸੋਹਣਿਆਂ',
ਆਊ ਤੈਨੂੰ ਮੈਨੂੰ ਦੋਹਾਂ ਨੂੰ ਨਜ਼ਾਰਾ।
ਲੈ ਅੱਡੇ ਉੱਤੇ ਪਈਆਂ ਉਂਗਲਾਂ
ਵੇਖੀਂ ਕਿੰਨਾ ਮੈਨੂੰ ਸਿਦਕ ਪਿਆਰਾ।

***

## ਸੱਚ ਸਾੜਿਆ ਜਾਣਾ ਨੀ

ਕੌਣ ਰੋਕਦਾ ਹੋਰ ਕਮਾ ਲੈ,
ਜਿੰਨਾ ਜ਼ੁਲਮ ਕਮਾਉਣਾ ਨੀ।
ਪਰ ਨਾ ਤੱਤੀਏ ਤਵੀਏ ਤੈਥੋਂ,
ਸੱਚ ਸਾੜਿਆ ਜਾਣਾ ਨੀ।

ਜ਼ੁਲਮ ਤੱਕ ਜ਼ਾਲਮ ਦਾ ਵੇਖੋ,
ਅੰਬਰ ਦੀ ਅੱਖ ਰੋਈ।
ਆਖੇ ਐਸੀ ਦਰਦ ਕਹਾਣੀ,
ਅੱਗੇ ਕਦੇ ਨਾ ਹੋਈ।
ਭਾਵੇਂ ਸੱਚ ਸੰਗ ਵੈਰ ਕੂੜ ਦਾ,
ਜੁਗੋ ਜੁਗ ਪੁਰਾਣਾਂ ਨੀ।
ਪਰ ਨਾ ਤੱਤੀਏ ਤਵੀਏ ਤੈਥੋਂ....।

ਕਹਿੰਦੇ ਨੇ ਕਰਾਮਾਤ ਵਿਖਾਓ,
ਕੱਟ ਦਿਆਂਗੇ ਬੇੜੀ।
ਇਸ ਕਰਾਮਾਤ ਤੋਂ ਵੱਧਕੇ ਦੱਸੋ,
ਹੋਰ ਕਰਾਮਾਤ ਹੈ ਕਿਹੜੀ।
ਅੱਗ 'ਤੇ ਬਹਿਕੇ ਭੀ ਕਰਤੇ ਦਾ,
ਲੱਖ ਲੱਖ ਸ਼ੁਕਰ ਮਨਾਉਣਾ ਨੀ।
ਪਰ ਨਾ ਤੱਤੀਏ ਤਵੀਏ ਤੈਥੋਂ...।

ਬਾਣੀ ਦੇ ਬੋਹਿਥ ਹਨ ਸਤਿਗੁਰ,
ਸ਼ਾਂਤੀ ਦੇ ਹਨ ਸਾਗਰ।
ਇਹਨਾਂ ਸਾਹਵੇਂ ਮੁੱਲ ਕੀ ਰੱਖਣ,
'ਆਦਰ' ਅਤੇ 'ਨਿਰਾਦਰ'।

ਜੋਤ ਇਲਾਹੀ ਖ਼ਾਤਰ ਕੀ ਏ,
ਜੀਣਾਂ ਤੇ ਮਰ ਜਾਣਾਂ ਨੀ।
ਪਰ ਨਾ ਤੱਤੀਏ ਤਵੀਏ ਤੈਥੋਂ...।

ਆਖ ਜ਼ਾਲਮਾਂ ਤਾਈਂ ਕਰ ਲੈਣ,
ਨਰਕੀਂ ਜਾਣ ਦੀ ਤਿਆਰੀ।
ਸ਼ੁਰੂ ਕਰੇਗਾ ਜੰਗੀ ਮਸ਼ਕਾਂ,
'ਵੱਡ ਯੋਧਾ ਉਪਕਾਰੀ'।
ਭੰਨੇਗਾ ਸਿਰ ਵੇਖੀਂ ਸਭਨੇ,
ਅਪਣਾ ਕੀਤਾ ਪਾਣਾਂ ਨੀ।
ਪਰ ਨਾ ਤੱਤੀਏ ਤਵੀਏ ਤੈਥੋਂ...।

ਛੱਡਕੇ ਸਗਲ ਦੁਆਰੇ ਜਿਹੜੇ,
ਕਰਤੇ ਦਾ ਦਰ ਮੱਲਦੇ।
ਦੁਨੀਆਂ ਦੇ ਦੁੱਖ-ਦਰਦ ਪਿੰਡੇ 'ਤੇ,
'ਸੋਹਣੇ' ਹੱਸ ਹੱਸ ਝੱਲਦੇ।
ਅਪਣੇ ਪ੍ਰੀਤਮ ਦਾ ਉਹਨਾਂ ਨੂੰ,
ਮਿੱਠਾ ਲੱਗੇ ਭਾਣਾ ਨੀ।
ਪਰ ਨਾ ਤੱਤੀਏ ਤਵੀਏ ਤੈਥੋਂ,
ਸੱਚ ਸਾੜਿਆ ਜਾਣਾ ਨੀ।

✶✶✶

## ਕਿਹੜਾ ਕਹਿਰ ਜ਼ਮਾਨੇ ਦਾ

ਕਿਹੜਾ ਕਹਿਰ ਜ਼ਮਾਨੇ ਦਾ,
ਜੋ ਨਹੀਂ ਟੁੱਟਿਆ ਤੇਰੇ ਉੱਤੇ।

ਤੇਰੇ ਜਿਗਰੇ ਦੀ ਗੁਜਰੀ,
ਕਿਹੜੀ ਕਿਹੜੀ ਸਿਫ਼ਤ ਸੁਣਾਵਾਂ।
ਕਿੱਥੋਂ ਸ਼ੁਰੂ ਕਰਾਂ ਗਾਥਾ,
ਕਿੱਥੇ ਜਾਕੇ ਗੱਲ ਮੁਕਾਵਾਂ।
ਤੇਰੇ ਪੁੱਤ ਦੇ ਪੁੱਤਾਂ ਨੂੰ,
ਅੱਜ ਫਿਰ ਮਾਰ ਗਏ ਨਿਪੁੱਤੇ।
ਕਿਹੜਾ ਕਹਿਰ ਜ਼ਮਾਨੇ ਦਾ,
ਜੋ ਨਹੀਂ ਟੁੱਟਿਆ ਤੇਰੇ ਉੱਤੇ।

ਅਪਣੇ ਦੁੱਖ ਤੇ ਦਰਦਾਂ ਨੂੰ,
ਹਰ ਕੋਈ ਪਿੰਡੇ ਉੱਤੇ ਹੰਢਾਉਂਦਾ।
ਪਰ ਹੋਰ ਦੀ ਪੀੜਾਂ ਨੂੰ,
ਕਿਹੜਾ 'ਤੇਗ' ਬਿਨਾਂ ਗਲ ਪਾਉਂਦਾ।
ਨੌਂ ਸਾਲ ਦਾ ਪੁੱਤ ਛੱਡਕੇ,
ਪਤੀ ਤੁਰ ਗਿਆ ਚੜ੍ਹਦੀ ਰੁੱਤੇ।
ਕਿਹੜਾ ਕਹਿਰ ਜ਼ਮਾਨੇ ਦਾ,
ਜੋ ਨਹੀਂ ਟੁੱਟਿਆ ਤੇਰੇ ਉੱਤੇ।

ਸੁਣਿਆ ਕਿਸੇ ਦਰਦੀ ਨੇ,
ਇਕ ਦੋ ਹਾਅ ਦੇ ਨਾਹਰੇ ਲਾਏ।
ਮੂੰਹ ਮੌਤ ਦੇ ਆਇਆ ਨੂੰ,
ਕਿਹੜਾ ਜ਼ਿੰਦਗੀ ਵਾਰ ਛੁਡਾਏ।

ਪੈ ਗਏ ਭੱਜ ਕੇ ਲਾਲਾਂ ਨੂੰ,
ਦੋ ਤਿੰਨ ਸੂਰ ਤੇ ਪੰਜ ਸੱਤ ਕੁੱਤੇ।
ਕਿਹੜਾ ਕਹਿਰ ਜ਼ਮਾਨੇ ਦਾ,
ਜੋ ਨਹੀਂ ਟੁੱਟਿਆ ਤੇਰੇ ਉੱਤੇ।

'ਸੋਹਣੇ' ਰਾਜੇਮਾਜਰੀਏ,
ਐਵੇਂ ਭਰਮ ਨਾ ਪਾਲੇ ਕੋਈ।
ਨਾ ਧਰਤੀ ਸੀ ਪਾਟੀ,
ਤੇ ਨਾ ਅੰਬਰ ਦੀ ਅੱਖ ਰੋਈ।
ਦਾਦੀ ਦੀਆਂ ਬਾਹਾਂ 'ਤੇ,
ਜਦ ਦੋ ਲਾਲ ਸਦਾ ਲਈ ਸੁੱਤੇ।
ਕਿਹੜਾ ਕਹਿਰ ਜ਼ਮਾਨੇ ਦਾ,
ਜੋ ਨਹੀਂ ਟੁੱਟਿਆ ਤੇਰੇ ਉੱਤੇ।

✶✶✶

## ਹੋਰ ਮਹਾਰਾਜ

ਸਮਝ ਨਾ ਆਉਂਦੀ ਬਾਬਾ,
ਹਿੰਦੀ ਕਿ ਪੰਜਾਬੀ ਬੋਲੇ,
ਬੱਚੇ ਦੇ ਕੀ ਵੱਸ ਅਜੇ,
ਛੋਹਰ ਮਹਾਰਾਜ ਨੇ।

ਬਾਰਾਂ ਵਰ੍ਹੇ ਹੋ ਗਏ ਸਾਧ,
ਬੈਠਿਆ ਮਸਾਣਾਂ ਵਿੱਚ,
ਬੋਰਡ ਲਿਖ ਲਾਇਆ ਕਿ ਇਹ,
ਗੋਰ ਮਹਾਰਾਜ ਨੇ।

ਜਟਾ-ਜੂਟ ਜਟਾਂ ਵਿਚ,
ਕਰਨ ਕਲੋਲ ਜੂਆਂ,
ਨਹਾਉਂਦੇ ਨਾ ਕਦੇ ਵੀ,
ਗੰਦ-ਘੋਰ ਮਹਾਰਾਜ ਨੇ।

ਐਮ. ਏ., ਬੀ. ਏ. ਪੜ੍ਹੇ ਹੋਏ,
ਦੂਹਰੇ ਮੱਥੇ ਟੇਕਦੇ ਨੇ,
ਊੜਾ ਨਹੀਂ ਆਉਂਦਾ ਆਪ,
ਢੋਰ ਮਹਾਰਾਜ ਨੇ।

ਕੱਢਦੇ ਨੇ ਗਾਲ੍ਹਾਂ ਅਤੇ,
ਮਾਰਦੇ ਨੇ ਡਾਂਗ ਸਿੱਧੀ,
ਅੱਕ ਨਾਲੋਂ ਕੌੜੇ ਨਿਰੇ,
ਥੋਹਰ ਮਹਾਰਾਜ ਨੇ।

ਕਾਲ੍ਹਾ ਸਿਆਹ ਚਿਹਰਾ ਅਤੇ,
ਡੈਣ ਵਾਂਗੂੰ ਲਾਲ ਅੱਖਾਂ,
ਸੁੱਖਾ ਪੀ ਕੇ ਹਟੇ ਵਿਚ,
ਲੋਰ ਮਹਾਰਾਜ ਨੇ।

ਸੋਨੇ ਦੇ ਬਟਣ ਅਤੇ,
ਹੱਥਾਂ ਵਿਚ ਛਾਪਾਂ ਛੱਲੇ,
ਸਿਰ ਤੇ ਮੁਕਟ ਕਹਿੰਦੇ,
ਮੋਰ ਮਹਾਰਾਜ ਨੇ।

ਛੈਲ ਮੁਟਿਆਰਾਂ ਪਲ,
ਵਿੱਚ ਵੱਸ ਕਰ ਲੈਂਦੇ,
ਆਖਦੇ ਨੇ ਚੇਲੇ,
ਚਿੱਤ ਚੋਰ ਮਹਾਰਾਜ ਨੇ।

ਤੜਕੇ ਨੂੰ ਅੰਡੇ ਤੇ,
ਦੁਪਿਹਰੇ ਜੋੜਾ ਤਿੱਤਰਾਂ ਦਾ,
ਸ਼ਾਮੀਂ ਮੀਟ, ਮੱਛੀ,
ਮਾਸ-ਖੋਰ ਮਹਾਰਾਜ ਨੇ।

ਕੱਲ ਪੁੱਛਾਂ ਦੇ ਦੇਕੇ,
ਲੰਘ ਗਈ ਰਾਤ ਉੱਤੋਂ,
ਅੱਜ ਨਾ ਬੁਲਾਇਓ ਬੜੇ,
ਬੋਰ ਮਹਾਰਾਜ ਨੇ।

ਜਣੇ ਖਣੇ ਸਾਧ ਪਿੱਛੇ,
ਲਿਖ ਦਿੰਦੇ ਮਹਾਰਾਜ,
ਨਿੱਤ ਨਵੇਂ ਬਣਦੇ,
ਨਕੋਰ ਮਹਾਰਾਜ ਨੇ।

ਸ਼ਬਦ ਗੁਰੂ ਹੀ ਸਾਡਾ,
ਸੱਚਾ ਮਹਾਰਾਜ 'ਸੋਹਣੇ',
ਭਾਵੇਂ ਬਣੀ ਬੈਠੇ ਲੱਖਾਂ,
ਹੋਰ ਮਹਾਰਾਜ ਨੇ।

***

# ਗੰਗਾ ਤੇ ਗੁਜਰੀ

ਸਿੱਖੀ ਦੇ ਮਹਿਲ ਉਸਾਰੇ,
ਗੰਗਾ ਤੇ ਗੁਜਰੀ ਨੇ।
ਦੋਹਾਂ ਨੇ ਪਤੀ ਸੀ ਤੋਰੇ,
ਦੋਹਾਂ ਨੇ ਮੰਨੇ ਭਾਣੇ।
ਦੁੱਖੜੇ ਕਿਉਂ ਜਰਨੇ ਪੈ ਗਏ,
ਸਤਿਗੁਰ ਦੀਆਂ ਸਤਿਗੁਰ ਜਾਣੇ।
ਕਿਹੜੇ ਸਨ ਕਰਜ ਉਤਾਰੇ,
ਗੰਗਾ ਤੇ ਗੁਜਰੀ ਨੇ।...

ਇਕ ਦੇ ਪੁੱਤਰ ਨੇ ਗਲ੍ਹ ਵਿੱਚ,
ਮਿਰੀ ਤੇ ਪਿਰੀ ਪਾਈ।
ਦੂਜੇ ਨੇ ਸਿਰੀ ਸਾਹਿਬ 'ਚੋਂ,
ਸ਼ੇਰਾਂ ਦੀ ਕੌਮ ਬਣਾਈ।
ਜੰਮੇਂ ਦੋ ਯੋਧੇ ਭਾਰੇ,
ਗੰਗਾ ਤੇ ਗੁਜਰੀ ਨੇ।...

ਲੱਖਾਂ ਨੇ ਸਿਰੜ ਕਮਾਇਆ,
ਡਿੱਠਾ ਨਾ ਐਸ-ਸਿਰੜ ਦਾ।
ਸਹਿਣ ਦੀ ਗੱਲ ਹੀ ਛੱਡੋ,
ਸੁਣਕੇ ਹੀ ਕਾਂਬਾ ਛਿੜਦਾ।
ਝੱਲੇ ਜੋ ਦੁੱਖੜੇ ਭਾਰੇ,
ਗੰਗਾ ਤੇ ਗੁਜਰੀ ਨੇ।...

ਕਮਲੀ ਹੋ ਜਾਂਦੀ ਨਾਰੀ,
ਪਤੀ ਤੁਰ ਜਾਏ ਜੇਕਰ।
ਕੰਧਾਂ ਵਿਚ ਮਾਰੇ ਟੱਕਰਾਂ,
ਚੂੜਾ ਭੰਨ ਲੈਂਦੀ, ਐਪਰ।
ਸੁੱਟੇ ਨਾ ਹੰਝੂ ਖਾਰੇ,
ਗੰਗਾ ਤੇ ਗੁਜਰੀ ਨੇ।...

ਲਿਖਦਾ ਹਾਂ ਖਰੀਆਂ ਖਰੀਆਂ,
ਮੰਨਿਓ, ਨਾ ਮੰਨਿਓ ਲੋਕੋ।
ਭੁੱਲੋ ਨਾ ਅਪਣਾ ਵਿਰਸਾ,
ਅਕਲਾਂ ਦੇ ਅੰਨ੍ਹਿਓ ਲੋਕੋ।
ਕੀਤੇ ਜੋ ਵੱਡੇ ਕਾਰੇ,
ਗੰਗਾ ਤੇ ਗੁਜਰੀ ਨੇ।...

ਫਾਕੇ ਤੇ ਦੁੱਖ ਤਕਲੀਫਾਂ,
ਝੋਲੀ ਪੁਆ ਲਏ ਹੱਸ ਕੇ।
ਨਾਰੀ ਦਾ ਕਿੱਡਾ ਜਿਗਰਾ,
ਦੁਨੀਆਂ ਨੂੰ ਗਈਆਂ ਦੱਸ ਕੇ।
'ਸੋਹਣੇ' ਮੋਹ ਮਮਤਾ ਮਾਰੇ,
ਗੰਗਾ ਤੇ ਗੁਜਰੀ ਨੇ।
ਸਿੱਖੀ ਦੇ ਮਹਿਲ ਉਸਾਰੇ,
ਗੰਗਾ ਤੇ ਗੁਜਰੀ ਨੇ।

***

# ਤੇਰਾ ਬ੍ਰਿਹੜਾ ਲੱਗਦਾ ਕਮਾਲ

ਮਾਛੀਵਾੜੇ ਜੂਹ 'ਚ,
'ਖਿਆਲ' ਗਾਉਣ ਵਾਲੇ ਤੇਰਾ,
ਬ੍ਰਿਹੜਾ ਲੱਗਦਾ ਕਮਾਲ।
ਵੇ ਤੇਰਾ ਬ੍ਰਿਹੜਾ ਲੱਗਦਾ ਕਮਾਲ।

ਭਾਵੇਂ ਮਾਤ-ਪਿਤਾ, ਪੁੱਤ,
ਸਾਰੇ ਭੇਟਾ ਦਿੱਤੇ ਪਰ,
ਕਿੰਨੀ ਸੋਹਣੀ ਸਿੱਖੀ ਸੁਰ ਤਾਲ।

ਫਕੱਰਾਂ ਦੇ ਭੇਸ ਅੱਗੇ,
ਦਾਨੀ ਦਰਵੇਸ ਅੱਗੇ,
ਦਿਸੇ ਸਾਰੀ ਦੁਨੀਆਂ ਕੰਗਾਲ।

ਰੋੜਾਂ ਅਤੇ ਕੰਡਿਆਂ ਨੇ,
ਪੱਬ ਪੈਰ ਛਿੱਲ ਦਿੱਤੇ,
ਤਾਂ ਵੀ ਤੇਰੀ ਕਿੰਨੀ ਤਿੱਖੀ ਚਾਲ।

ਐਨੀ ਤਿੱਖੀ ਰਜਾ ਵਾਲੀ,
ਸੀਨੇ ਕਿਵੇਂ ਅੱਗ ਵਾਲੀ,
ਠੰਡਾ ਕਿਉਂ ਨਹੀਂ ਲੱਗਦਾ ਸਿਆਲ।

ਕਿੱਥੋਂ ਲੱਭਾਂ ਜਿਹੜਾ ਤੇਰੇ,
ਮਿੱਤਰ ਪਿਆਰੇ ਤਾਈਂ,
ਦੱਸੇ ਜਾ ਮੁਰੀਦਾਂ ਦਾ ਹਾਲ।

'ਸੋਹਣਾ' ਰਾਜੇਮਾਜਰੀਆ,
ਝੋਲੀ ਅੱਡ ਖ਼ੈਰ ਮੰਗੇ,
ਮੈਨੂੰ ਵੀ ਰਲਾ ਲੈ ਸੰਗ ਨਾਲ।
ਵੇ ਤੇਰਾ ਬ੍ਰਿਹੜਾ ਲੱਗਦਾ ਕਮਾਲ।

## ਘਰ ਅਪਣੇ ਵੀ ਨਾ ਸਿੱਖੀ

ਸਿਰ ਮੂੰਹ ਮੁੰਨੇ ਕਾਕਿਆਂ ਦੇ,
ਭਰਵੱਟੇ ਸਾਫ਼ ਰਕਾਨਾਂ ਦੇ।
ਘਰ ਅਪਣੇ ਵੀ ਨਾ ਸਿੱਖੀ,
ਕਈ ਜਥੇਦਾਰ ਪ੍ਰਧਾਨਾਂ ਦੇ।

ਉੱਲੂ ਦੀ ਦੁਨੀਆਂ ਵਿਚ ਵੇਖੋ,
ਕਾਹਦੇ ਸਿਖ਼ਰ ਦੁਪਹਿਰੇ ਨੇ।
ਜੱਗ ਨੂੰ ਚਾਨਣ ਵੰਡੇ ਐਪਰ,
ਦੀਵੇ ਹੇਠ ਹਨੇਰੇ ਨੇ।
ਕੜਛੀ ਵਾਂਗ ਭੁੱਖੇ ਦੇ ਭੁੱਖੇ,
ਢੇਰ ਵੰਡ ਪਕਵਾਨਾਂ ਦੇ।
ਘਰ ਅਪਣੇ ਵੀ ਨਾ ਸਿੱਖੀ,
ਕਈ ਜਥੇਦਾਰ ਪ੍ਰਧਾਨਾਂ ਦੇ।

ਚੜ੍ਹ ਕੇ ਬਹਿ ਗਏ ਕਿਸ਼ਤੀ ਉੱਤੇ,
ਸੋਚਿਆ ਨਾ ਅਸਵਾਰਾਂ ਨੇ।
ਨਾ ਪੱਤਣ ਦੀ ਖ਼ਬਰ ਮਲਾਹ ਨੂੰ,
ਨਾ ਡੂੰਘਾ ਦੀਆਂ ਸਾਰਾਂ ਨੇ।
ਡੁੱਬ ਕੇ ਰਹਿੰਦੀ ਕਿਸ਼ਤੀ, ਹੋਵੇ,
ਚੱਪੂ ਹੱਥ ਨਦਾਨਾਂ ਦੇ।
ਘਰ ਅਪਣੇ ਵੀ ਨਾ ਸਿੱਖੀ
ਕਈ ਜਥੇਦਾਰ ਪ੍ਰਧਾਨ ਦੇ।

'ਸਿੰਘ', 'ਕੌਰ', ਪਹਿਚਾਣ ਸਿੱਖੀ ਦੀ,
ਨਾਵਾਂ ਨਾਲੋਂ ਲਾਹ ਦਿੱਤੇ।
ਸਰਹੰਦ, ਗੜ੍ਹੀ ਚਮਕੌਰ ਦੇ ਸਾਕੇ,
ਮੂਲੋਂ ਮਨੋਂ ਭੁਲਾ ਦਿੱਤੇ।
ਚੀਕ ਚੀਕ ਕੇ ਸੰਘ ਬੈਠ ਗਏ,
ਮਹਾਂਪੁਰਖ, ਵਿਦਵਾਨਾਂ ਦੇ।
ਘਰ ਅਪਣੇ ਵੀ ਨਾ ਸਿੱਖੀ,
ਕਈ ਜਥੇਦਾਰ ਪ੍ਰਧਾਨਾਂ ਦੇ।

ਸਾਲ ਪਿੱਛੋਂ ਫਿਰ ਆਏ ਦਿਹਾੜੇ,
ਹੁੰਮ ਹੁਮਾਕੇ ਜੁੜ ਜਾਣਾ।
ਖੀਰ, ਕੜਾਹ, ਬਰੈੱਡ, ਜਲੇਬੀ,
ਖਾ ਪੀ ਘਰ ਨੂੰ ਮੁੜ ਜਾਣਾ।
ਸੋਹਣੇ ਸੋਹਣੇ ਲੱਗ ਗਏ ਪੋਸਟਰ,
'ਸੋਹਣੇ' ਫੇਰ ਦੀਵਾਨਾਂ ਦੇ।
ਘਰ ਅਪਣੇ ਵੀ ਨਾ ਸਿੱਖੀ,
ਕਈ ਜਥੇਦਾਰ ਪ੍ਰਧਾਨਾਂ ਦੇ।

***

## ਅੱਥਰੂ ਨਾ ਸੁੱਟਿਆ

ਮਾਤ ਗਏ ਪਿੱਤ ਗਏ।
ਪੁੱਤ ਗਏ ਮਿੱਤ ਗਏ।
ਕਿਹੜਾ ਦੁੱਖ ਜੱਗ ਦਾ,
ਜੋ ਤੇਰੇ ਤੇ ਨਾ ਟੁੱਟਿਆ।
ਸਭ ਕੁਝ ਵਾਰਕੇ ਵੀ,
ਅੱਥਰੂ ਨਾ ਸੁੱਟਿਆ।

ਆਟੇ ਦੀਆਂ ਗਊਆਂ 'ਤੇ,
ਕੁਰਾਨ ਦੀਆਂ ਕਸਮਾਂ।
ਬਾਈਧਾਰ ਪਾਪੀਆਂ ਤੇ,
ਸੂਬੇ ਜਿਹੇ ਨਿਖਸਮਾਂ।
ਟੱਬਰੀ ਨਿਖੇੜ ਦਿੱਤੀ,
ਅਨੰਦਪੁਰ ਲੁੱਟਿਆ।
ਸਭ ਕੁਝ ਵਾਰਕੇ ਵੀ...।

ਪੱਲੂ 'ਚ ਪੁਆ ਲਏ ਸਾਰੇ,
ਦੁੱਖੜੇ ਹਯਾਤ ਦੇ।
ਧਰਤੀ ਅੰਬਰ ਰੋਏ,
ਪੱਜ ਬਰਸਾਤ ਦੇ।
ਤੇਗ਼ ਵਾਲਾ ਮੁੱਠਾ ਜਦੋਂ,
ਹਿੱਕ ਨਾਲ ਘੁੱਟਿਆ।
ਸਭ ਕੁਝ ਵਾਰਕੇ ਵੀ...।

ਅੱਜ ਵੀ ਜੇ ਸਾਕੇ,
ਸੁਣ ਲਈਏ ਘਿੱਗੀ ਬੱਝਦੀ।
ਸਦੀਆਂ ਤੋਂ ਰੋਂਦੇ ਸਾਡੀ,
ਅੱਖ ਨਹੀਓਂ ਰੱਜਦੀ।
ਮੋਹ ਦਾ ਮਮੋਲਾ ਪਰ,
ਤੂੰ ਕਿਵੇਂ ਕੁੱਟਿਆ।
ਸਭ ਕੁਝ ਵਾਰਕੇ ਵੀ...।

ਪੁੱਤਾਂ ਦੇ ਵਿਛੋੜੇ ਵਾਲੇ,
ਦੁੱਖ ਭੁੱਲ-ਭੱਲ ਕੇ।
ਰਾਜੇਮਾਜਰੀਏ ਕਿਵੇਂ
ਨੰਗੇ ਪੈਰੀਂ ਚੱਲ ਕੇ।
'ਸੋਹਣੇ' ਫੇਰ ਸੋਹਣਾ ਗੁਰੂ,
ਕਾਰਜਾਂ 'ਚ ਜੁੱਟਿਆ।
ਸਭ ਕੁਝ ਵਾਰ੍ਹਕੇ ਵੀ
ਅੱਥਰੂ ਨਾ ਸੁੱਟਿਆ।

***

# ਮੇਰੇ ਸਤਿਗੁਰ ਤੇਰੀ ਸੇਵਾ

ਮੇਰੇ ਸਤਿਗੁਰ ਤੇਰੀ ਸੇਵਾ,
ਕਰਦੇ ਨੇ ਗੁਰਮੁਖ ਮਨ ਕਰਕੇ।
ਬਾਣੀ ਪੜ੍ਹਦੇ, ਕੀਰਤਨ ਕਰਦੇ,
ਹਰਿ-ਜਸ ਸੁਣਦੇ ਕੰਨ ਕਰਕੇ।

ਕੂਕ ਕੂਕ ਕੇ ਬਾਣੀ ਆਖੇ,
ਉੱਤਮ ਗੁਰ ਦੀ ਸੇਵਾ।
ਮੈਂ ਮਾਰ ਕੇ ਸੇਵਾ ਹੁੰਦੀ,
ਸੇਵਾ ਦੇਂਦੀ ਮੇਵਾ।
ਲੰਗਰ ਪਕਾਉਣ, ਝਾੜੂ ਲਾਉਣ,
ਭਾਂਡੇ ਮਾਂਜਣ ਤਨ ਕਰਕੇ।
ਮੇਰੇ ਸਤਿਗੁਰ ਤੇਰੀ ਸੇਵਾ,
ਕਰਦੇ ਨੇ ਗੁਰਮੁਖ ਮਨ ਕਰਕੇ।

ਥੋੜਾ, ਬਹੁਤਾ ਜੋ ਵੀ ਦਿੱਤਾ,
ਨਾ ਝੋਰਾ ਨਾ ਦਾਅਵਾ।
ਥੋੜਾ ਥੋੜਾ ’ਕੱਠਾ ਹੋ ਕੇ,
ਬਣ ਜਾਂਦਾ ਏ ਵਾਹਵਾ।
ਆਟਾ, ਚਾਵਲ, ਦੁੱਧ, ਘਿਓ ਦਿੰਦੇ,
ਸਾਗ-ਸਬਜ਼ੀਆਂ ਅੰਨ ਕਰਕੇ।
ਮੇਰੇ ਸਤਿਗੁਰ ਤੇਰੀ ਸੇਵਾ,
ਕਰਦੇ ਨੇ ਗੁਰਮੁਖ ਮਨ ਕਰਕੇ।

ਮੈਂ, ਮੇਰੀ ਦਾ ਮੁੱਲ ਨਾ ਇੱਥੇ,
ਮੁੱਲ ਸਰਧਾ ਦਾ ਪੈਣਾ।
ਬਹੁਤਾ ਦੇ ਕੇ ਵੱਡਾ ਬਣਨਾ,
ਕੀ ਦੇਣੇ 'ਚੋਂ ਦੇਣਾ।
ਲੱਖ ਹਜ਼ਾਰਾਂ ਦਮੜੇ ਤੇ ਕੋਈ,
ਦਮੜੀ ਦਿੰਦੀ ਧਨ ਕਰਕੇ।
ਮੇਰੇ ਸਤਿਗੁਰ ਤੇਰੀ ਸੇਵਾ,
ਕਰਦੇ ਨੇ ਗੁਰਮੁਖ ਮਨ ਕਰਕੇ।

ਜੁੱਗਾਂ ਜੁੱਗਾਂ ਤੋਂ ਦਿੰਦਾ ਏਂ ਤੂੰ,
ਦਿੰਦਾ ਭਰ ਭਰ ਗੱਡੇ।
ਤੇਰੇ ਦਿੱਤੇ ਵਿਚੋਂ ਦੇ ਕੇ,
ਕੀ ਬਣਨਾ ਅਸੀਂ ਵੱਡੇ।
'ਸੋਹਣੇ' ਰਾਜੋਮਾਜਰੀਏ ਨੂੰ,
ਰੱਖ ਲੈ ਅਪਣਾ ਜਨ ਕਰ ਕੇ।
ਮੇਰੇ ਸਤਿਗੁਰ ਤੇਰੀ ਸੇਵਾ,
ਕਰਦੇ ਨੇ ਗੁਰਮੁਖ ਮਨ ਕਰਕੇ।

✶✶✶

## ਧੰਨ ਧੰਨ ਮਾਤਾ ਗੁਜਰੀ

ਧੰਨ ਧੰਨ ਮਾਤਾ ਗੁਜਰੀ,
ਧੰਨ ਤੂੰ ਹੈਂ, ਧੰਨ ਧੰਨ ਲਾਲ ਤੇਰਾ।
ਨੀ ਉਹਦੇ ਲੱਖਾਂ ਕੌਤਕਾਂ ਨੂੰ,
ਲੱਖ ਲੱਖ ਵਾਰੀ ਸਿਜਦਾ ਮੇਰਾ।

ਹੋ ਗਿਆ ਯਤੀਮ ਭਾਵੇਂ,
ਪਿਤਾ ਸਿਰੋਂ ਉੱਠਿਆ।
ਪਰ ਉਹਤੋਂ ਦੁਖੀਆਂ ਦਾ,
ਦਿਲ ਨਹੀਂਓ ਟੁੱਟਿਆ।
ਤੋੜਨ ਤੇ ਜਦੋਂ ਤੁੱਲਿਆ,
ਤੋੜ ਗਿਆ ਦਸ ਲੱਖ ਦਾ ਵੀ ਘੇਰਾ।
ਨੀ ਉਹਦੇ ਲੱਖਾਂ ਕੌਤਕਾਂ ਨੂੰ...।

ਕਲਗੀ ਕੀ ਦੇ ਗਿਆ,
ਕੰਗਾਲ ਹੋ ਕੇ ਟੁਰਿਆ।
ਅੱਜ ਉਹਨੂੰ ਪੁੱਤਾਂ ਲਈ,
ਕੱਫਣ ਵੀ ਨਾ ਜੁੜਿਆ।
ਕਾਹਲੀ ਕਾਹਲੀ ਕੋਲੋਂ ਲੰਘਿਆ,
'ਆਸਾ' ਗਾਉਣੀ ਕਹਿੰਦਾ ਸਾਂਭਣਾ ਸਵੇਰਾ।
ਨੀ ਉਹਦੇ ਲੱਖਾਂ ਕੌਤਕਾਂ ਨੂੰ...।

ਪਿਤਾ ਦੀ ਸ਼ਹੀਦੀ ਦਾ,
ਵਿਰੋਧੀਆਂ ਦੇ ਛੱਲ ਦਾ।
ਮਹਿਲਾਂ ਦੇ ਵਿਛੋੜੇ,
ਮਾਤਾ, ਪੁੱਤਰਾਂ ਦੇ ਸੱਲ ਦਾ।
ਨੀ ਸਾਰਾ ਗਮ 'ਕੱਲਾਂ ਪੀ ਗਿਆ,
ਐਡਾ ਕਿੱਡਾ ਕੁ ਸੀ ਜਿਗਰਾ ਵਡੇਰਾ।
ਨੀ ਉਹਦੇ ਲੱਖਾਂ ਕੌਤਕਾਂ ਨੂੰ...।

ਇਕ ਮਰ ਜਾਏ ਲੋਕੀਂ,
ਢਿੱਡੀਂ ਦੇਣ ਮੁੱਕੀਆਂ।
ਪੰਜ ਦਿਨਾਂ ਵਿਚ ਘਰੋਂ,
ਪੰਜ ਲਾਸ਼ਾਂ ਉੱਠੀਆਂ।
ਤਾਂ ਵੀ ਨੈਣੋਂ ਤਿੱਪ ਨਾ ਕਿਰੀ,
ਰੋ ਉੱਠਿਆ ਸੀ ਪੱਥਰਾਂ ਦਾ ਜੇਰਾ।
ਨੀ ਉਹਦੇ ਲੱਖਾਂ ਕੌਤਕਾਂ ਨੂੰ...।

ਹਾਰ ਗਈ ਏ ਬੁੱਧ, ਲੇਖਾ,
ਕਰਾਂ ਕਿਸ ਕਿਸ ਦਾ।
ਮੈਨੂੰ ਤੇਰੇ ਪੁੱਤ ਜਿਹਾ,
ਇਕ ਨਹੀਓਂ ਦਿੱਸਦਾ।
ਜਿਹਨੂੰ ਘਰ-ਘਾਟ ਫੂਕਕੇ,
ਲੱਗੇ ਯਾਰੜੇ ਦਾ ਸੱਥਰ ਚੰਗੇਰਾ।
ਨੀ ਉਹਦੇ ਲੱਖਾਂ ਕੌਤਕਾਂ ਨੂੰ...।

ਕੀ ਲਿਖਾਂ ਲਿਖਦੇ ਦਾ,
ਸਾਹ ਜਿਹਾ ਸੁੱਕਦਾ।
ਤੇਰੇ ਦੁੱਖ ਚੇਤੇ ਕਰ,
ਰੋਣਾਂ ਨਹੀਓਂ ਰੁੱਕਦਾ।
'ਸੋਹਣਾ' ਰਾਜੇਮਾਜਰੀਆ
ਬੁੱਲ ਦੰਦਾ ਥੱਲੇ ਦੱਬਦਾ ਵਥੇਰਾ।
ਨੀ ਉਹਦੇ ਲੱਖਾਂ ਕੌਤਕਾਂ ਨੂੰ,
ਲੱਖ ਲੱਖ ਵਾਰੀ ਸਿਜਦਾ ਮੇਰਾ।
ਧੰਨ ਧੰਨ ਮਾਤਾ ਗੁਜਰੀ,
ਧੰਨ ਤੂੰ ਹੈ, ਧੰਨ ਧੰਨ ਲਾਲ ਤੇਰਾ।

✶✶✶

## ਠਾਹ ਬਾਲਟਾ ਪਾਣੀ ਦਾ

ਸਾਫ ਜਾਂ ਮੈਲਾ ਥੜ੍ਹਾ ਸਾਹਿਬ,
ਨਾ ਐਨਾ ਫ਼ਰਕ ਪਛਾਣੀ ਦਾ।
ਜੋ ਆਉਂਦਾ ਭਰਕੇ ਪਾਉਂਦਾ,
ਠਾਹ ਬਾਲਟਾ ਪਾਣੀ ਦਾ।

ਤਿਲ੍ਹਕ ਤਿਲ੍ਹਕ ਕੇ ਡਿਗਦੇ ਲੋਕੀਂ,
ਲੀੜੇ-ਲੱਤੇ ਭਿੱਜਦੇ ਨੇ।
ਹੱਥ ਜੋੜ ਕੇ ਵਰਜੋਂ ਭਾਵੇਂ,
ਤਾਂ ਵੀ ਲੋਕੀਂ ਖਿੱਝਦੇ ਨੇ।
ਜਲ ਵਿਚ ਰਿੜਕਣਾ ਪਾਈ ਬੈਠੇ,
ਕੱਢਕੇ ਦੋਸ਼ ਮਧਾਣੀ ਦਾ।
ਜੋ ਆਉਂਦਾ ਭਰ ਕੇ ਪਾਉਂਦਾ,
ਠਾਹ ਬਾਲਟਾ ਪਾਣੀ ਦਾ।

ਨਿਰਜਿੰਦ ਉੱਤੇ ਨਾਰੀਅਲ ਭੰਨੀਏ,
ਮੌਲ੍ਹੀਆਂ ਧਾਗੇ ਬੰਨਦੇ ਹਾਂ।
ਪੱਥਰ ਪੂਜਣੋਂ ਮੋੜੇ ਬਾਬਾ,
ਕੀ ਨਾਨਕ ਦੀ ਮੰਨਦੇ ਹਾਂ?
'ਰੋਸੁ ਨਾ ਕੀਜੈ ਉਤਰੁ ਦੀਜੈ,
ਆਖੀ ਗੱਲ ਸਿਆਣੀ ਦਾ।
ਜੋ ਆਉਂਦਾ ਭਰ ਕੇ ਪਾਉਂਦਾ,
ਠਾਹ ਬਾਲਟਾ ਪਾਣੀ ਦਾ।

ਇਕੋ ਜਿਹੇ ਸਭ ਵਾਰ, ਮਹੀਨੇ,
ਇਕੋ ਜਿਹੇ ਦਿਹਾੜੇ ਨੇ।
ਗੁਰਮੁਖ ਲਈ ਸਭ ਪਾਕ-ਪਵਿੱਤਰ,
ਪਰ ਮਨਮੁਖ ਲਈ ਮਾੜੇ ਨੇ।
ਕੀ ਪੁੰਨਿਆ ਨੇ ਦੇਣਾ, ਡਰ ਕੀ,
ਮੱਸਿਆ ਰੁੜ ਪੁੜ ਜਾਣੀ ਦਾ।
ਜੋ ਆਉਂਦਾ ਭਰ ਕੇ ਪਾਉਂਦਾ,
ਠਾਹ ਬਾਲਟਾ ਪਾਣੀ ਦਾ।

ਲੋੜ ਮੁਤਾਬਕ ਸਾਫ ਸਫਾਈ,
ਸਭ ਦੇ ਦਿਲ ਨੂੰ ਫੱਬਦੀ ਏ।
ਹੱਦੋਂ ਵਧਕੇ ਪੋਚਾ ਪਾਚੀ,
ਕੂੜ ਅਡੰਬਰ ਲੱਗਦੀ ਏ।
ਗੁਰੂ ਦੁਆਰੇ ਆ ਕੇ 'ਸੋਹਣੇ',
ਲੈ ਲਾਹਾ ਗੁਰਬਾਣੀ ਦਾ।
ਜੋ ਆਉਂਦਾ ਭਰ ਕੇ ਪਾਉਂਦਾ,
ਠਾਹ ਬਾਲਟਾ ਪਾਣੀ ਦਾ।

***

## ਫੇਰ ਕਹਿੰਦੇ ਸਿੱਖ ਹਾਂ ਅਸੀਂ

ਫੇਰ ਕਹਿੰਦੇ ਸਿੱਖ ਹਾਂ ਅਸੀਂ
ਜੂਆ ਖੇਡਦੇ ਤੇ ਪੀਂਦੇ ਨੇ ਸ਼ਰਾਬਾਂ।

ਹੀਰੇ ਲਾਲਾਂ ਜਿਹੀ ਜਿੰਦ,
ਪੈ ਗਈ ਨਸ਼ਿਆਂ ਦੇ ਵੱਸ।
ਇਕ ਬੋਝੇ ਫੀਮ ਤੁੰਨੀ,
ਦੂਜੇ ਕਾਲੀ ਖਸ ਖਸ।
ਪਈਆਂ ਭੁੱਕੀ ਨਾਲ, ਭਰੀਆਂ ਜੁਰਾਬਾਂ।
ਫੇਰ ਕਹਿੰਦੇ ਸਿੱਖ ਹਾਂ ਅਸੀਂ
ਜੂਆ................................

ਸੁਭਾ ਜਪੁਜੀ ਦੇ ਵੇਲੇ,
ਗੋਲਾ ਫੀਮ ਦਾ ਲੰਘਾਇਆ।
ਸ਼ਾਮੀਂ ਰਹਿਰਾਸ ਸਮੇਂ,
ਪੂਰਾ ਅਧੀਆ ਚੜ੍ਹਾਇਆ।
ਸੋਹਿਲੇ ਸਮੇਂ ਸੁੱਤੇ, ਵਾਂਗ ਨੇ ਨਵਾਬਾਂ।
ਫੇਰ ਕਹਿੰਦੇ ਸਿੱਖ ਹਾਂ ਅਸੀਂ,
ਜੂਆ...................................।

ਕਹਿੰਦਾ ਛੇਤੀ ਕਰ ਨਾਈਆ,
ਬੂਥਾ ਮੁੰਨਦੇ ਤੂੰ ਮੇਰਾ।
ਬੈਠਾ ਕੁਰਸੀ ਤੇ ਝਾਕੇ,
ਜਿਵੇਂ ਫਸਿਆ ਬਟੇਰਾ।
ਆਈਆਂ ਨਿਕਲ, ਲੰਗੂਰ ਵਾਂਗੂੰ ਜਾਬਾਂ।
ਫੇਰ ਕਹਿੰਦੇ ਸਿੱਖ ਹਾਂ ਅਸੀਂ
ਜੂਆ......................................।

ਕੀਤਾ ਕੁਰਸੀ ਨੇ ਅੰਨ੍ਹਾ,
ਭਲਾ ਬੁਰਾ ਨਾ ਵਿਚਾਰੇ।
ਲੱਗ 'ਬਾਬਰ' ਦੇ ਆਖੇ,
ਬੱਚੇ 'ਘੁੱਗੀਆਂ' ਦੇ ਮਾਰੇ।
ਦਿੱਤਾ ਸੋਨੇ ਦਾ ਗੁਲੇਲਾ ਹੱਥ ਸਾਹਬਾਂ।
ਫੇਰ ਕਹਿੰਦੇ ਸਿੱਖ ਹਾਂ ਅਸੀਂ,
ਜੂਆ.....................................।

ਪਤੀ ਅੱਠੀ ਦਿਨੀਂ ਰੰਗੇ,
ਦਾਹੜਾ ਗੁਰੂ ਦੀ ਨਿਸ਼ਾਨੀ।
ਬੀਬੀ ਮੁੰਨ ਭਰਵੱਟੇ,
ਫਿਰੇ ਮੋੜਦੀ ਜਵਾਨੀ।
ਦਿੰਦੇ ਕਾਠ ਦੀ ਤੇਗ ਨੂੰ ਆਬਾਂ।
ਫੇਰ ਕਹਿੰਦੇ ਸਿੱਖ ਹਾਂ ਅਸੀਂ,
ਜੂਆ..................................।

ਕਰੇ ਬਾਣੀ ਉੱਤੇ ਕਿੰਤੂ,
ਗੱਲ ਕਰਦਾ ਏ ਕੋਝੀ।
ਬਾਪੂ ਟੱਪਿਆ ਨਾ ਬੰਨਾ,
ਪੁੱਤ ਬਣਿਆ ਏ ਖੋਜੀ।
ਕਦੇ ਵੇਖੀਆਂ ਨਾ ਫੋਲ ਕੇ ਕਿਤਾਬਾਂ।
ਫੇਰ ਕਹਿੰਦੇ ਸਿੱਖ ਹਾਂ ਅਸੀਂ,
ਜੂਆ......................................।

ਔਖਾ ਸਿੱਖੀ ਦਾ ਕਮਾਉਣਾ,
ਸੌਖਾ ਸਿੱਖ ਅਖਵਾਉਣਾ।
ਸੌਖਾ ਮਨ ਨੂੰ ਭਜਾਉਣਾ,
ਔਖਾ ਰਾਹ 'ਤੇ ਲਿਆਉਣਾ।
ਘੋੜਾ ਅੜਬ ਤੇ ਉੱਚੀਆਂ ਰਕਾਬਾਂ।
ਫੇਰ ਕਹਿੰਦੇ ਸਿੱਖ ਹਾਂ ਅਸੀਂ,
ਜੂਆ.................................।

ਸਤ-ਸੰਗਤ ਨਾ ਕੀਤੀ,
ਨਾ ਹੀ ਦਾਨ ਪੁੰਨ ਸੇਵਾ।
ਬੀਜ ਕਿੱਕਰਾਂ ਦੇ ਬੀਜ ਕੇ,
ਤੇ ਭਾਲ੍ਹਦੇ ਨੇ ਮੇਵਾ।
ਕਦੇ ਵਾਹਿਗੁਰੂ ਕਿਹਾ ਨਾ, ਵਿਚ ਖਾਬਾਂ।
ਫੇਰ ਕਹਿੰਦੇ ਸਿੱਖ ਹਾਂ ਅਸੀਂ,
ਜੂਆ..............................।

ਹੋਏ ਸੁੱਕ ਸੁੱਕ ਤੀਲਾ,
ਸੋਚ ਸੋਚ ਕੇ ਸਿਆਣੇ।
ਹੋਰ ਕੀ ਕੁਝ ਹੋਣਾ,
ਰੱਬ ਦੀਆਂ ਰੱਬ ਜਾਣੇ।
ਕੰਮ ਫੜਿਆ ਕੀ, ਸਿੱਖੀ ਦੇ ਗੁਲਾਬਾਂ।
ਫੇਰ ਕਹਿੰਦੇ ਸਿੱਖ ਹਾਂ ਅਸੀਂ,
ਜੂਆ.................................।

ਜਾ ਕੇ ਨੱਚਦੇ ਕਲੱਬਾਂ,
ਵਿਚ ਵੱਡੇ ਕਿਹੜਾ ਘੱਟ।
'ਸੋਹਣੇ' ਕੜੇ ਨਾਲ ਖੋਲਦੇ,
ਨੇ ਬੀਅਰ ਦੇ ਡੱਟ।
ਪੱਗ ਸਿੱਖੀ ਦੀ ਨੂੰ, ਰੋਲਿਆ ਨਵਾਬਾਂ।
ਫੇਰ ਕਹਿੰਦੇ ਸਿੱਖ ਹਾਂ ਅਸੀਂ,
ਜੂਆ ਖੇਡਦੇ ਤੇ ਪੀਂਦੇ ਨੇ ਸ਼ਰਾਬਾਂ।

***

## ਇੱਟ ਪੁੱਟਿਆਂ ਬਾਬਾ ਬੋਲੇ

ਰੱਬ ਦੇ ਠੇਕੇਦਾਰਾਂ ਨੇ ਅੱਜ,
ਪੈਰ ਪੈਰ ਤੇ ਦਫ਼ਤਰ ਖੋਲ੍ਹੇ।
ਕਿਹਨੂੰ ਛੱਡੀਏ ਕੀਹਦੇ ਬਣੀਏ,
ਇੱਟ ਪੁੱਟਿਆਂ ਬਾਬਾ ਬੋਲੇ।

ਮਾਇਆ ਦਾ ਪੁਜਾਰੀ ਬਾਬਾ,
ਚੌਂਕੀ ਲਾਉਂਦਾ ਢੌਂਗ ਰਚਾਉਂਦਾ।
ਜਿਉਂ ਬਗਲਾ ਡੱਡਾਂ ਦਾ ਮਾਰਾ,
ਅੱਖਾਂ ਮੀਟ ਸਮਾਧੀ ਲਾਉਂਦਾ।
ਰਾਈ ਭੇਦ ਨਾ ਜਾਣੇਂ ਬੈਠਾ,
ਝੂਠੀ ਮੂਠੀ ਵੇਦ ਫਰੋਲੇ।
ਕਿਹਨੂੰ ਛੱਡੀਏ ਕੀਹਦੇ ਬਣੀਏ,
ਇੱਟ ਪੁੱਟਿਆਂ ਬਾਬਾ ਬੋਲੇ।

ਵੀਰਵਾਰ ਨੂੰ ਪੁੱਛਾਂ ਦਿੰਦਾ,
ਪੁੰਨਿਆ ਨੂੰ ਪੁੱਤਰਾਂ ਦੀਆਂ ਦਾਤਾਂ।
ਮੂਰਖ, ਲੋਕਾਂ ਤਾਈਂ ਬਣਾਵੇ,
ਬਾਬਾ ਪੜ੍ਹ ਕੇ ਚਾਰ ਜਮਾਤਾਂ।
ਐਤਵਾਰ ਨੂੰ ਬੇ-ਅਕਲਾਂ ਦੇ,
ਚੜ੍ਹ ਬੱਸਾਂ ਤੇ ਆਉਂਦੇ ਟੋਲੇ।
ਕਿਹਨੂੰ ਛੱਡੀਏ ਕੀਹਦੇ ਬਣੀਏ,
ਇੱਟ ਪੁੱਟਿਆਂ ਬਾਬਾ ਬੋਲੇ।

ਸੁੱਕਾ ਟੁੱਕ ਪਰੋਸ ਪਤੀ ਨੂੰ,
ਡੇਰੇ ਘਿਓ ਚੜ੍ਹਾਉਣ ਚੱਲੀ।
ਘਰਵਾਲੇ ਦੀ ਤੰਦਰੁਸਤੀ ਲਈ,
ਫਿਰਦੀ ਸਾਧਾਂ ਕੋਲ ਹੈ ਝੱਲੀ।

ਵਰਤ ਗਿਆ ਜਦ ਭਾਣਾ ਪਿੱਛੋਂ,
ਲੁੱਕ ਲੁੱਕ ਰੋਣਗੇ ਨੈਣ ਮਮੋਲੇ।
ਕਿਹਨੂੰ ਛੱਡੀਏ ਕੀਹਦੇ ਬਣੀਏ,
ਇੱਟ ਪੁੱਟਿਆਂ ਬਾਬਾ ਬੋਲੇ।

ਦੁੱਖ ਗਰੀਬੀ ਅਨਪੜ੍ਹਤਾ ਦਾ,
ਜੱਗ ਨੂੰ ਲੱਗਾ ਰੋਗ ਭਿਆਨਕ।
'ਦੁਖੀਆ ਸਭੁ ਸੰਸਾਰੁ' ਆਖਕੇ,
ਸੱਚ ਬੋਲਦਾ ਬਾਬਾ ਨਾਨਕ।
ਦੁਖੀਆਂ ਨੂੰ ਲੁੱਟ ਲੁੱਟ ਕੇ ਬਾਬੇ,
ਮੌਜਾਂ ਮਾਣਨ ਲਾਉਂਦੇ ਢੋਲੇ।
ਕਿਹਨੂੰ ਛੱਡੀਏ ਕੀਹਦੇ ਬਣੀਏ,
ਇੱਟ ਪੁੱਟਿਆਂ ਬਾਬਾ ਬੋਲੇ।

ਜੱਗ ਨਾ ਮੰਨੇ ਅੱਗੇ ਖੂਹ ਹੈ,
ਜੋਰ ਲਾ ਲਿਆ ਰਿਸ਼ੀਆਂ ਮੁਨੀਆਂ।
ਜਿੱਥੋਂ ਮੋੜੇ ਉੱਥੇ ਜਾਂਦੀ,
ਬੇ-ਸਮਝ ਇਹ ਪੁੱਠੀ ਦੁਨੀਆਂ।
ਨਾ ਸਮਝੇ ਜੇ ਨਹੀਂ ਸਮਝਦੀ,
ਤੈਂ 'ਸੋਹਣੇ' ਕੀ ਲੈਣੇ ਛੋਲੇ।
ਕਿਹਨੂੰ ਛੱਡੀਏ ਕੀਹਦੇ ਬਣੀਏ,
ਇੱਟ ਪੁੱਟਿਆਂ ਬਾਬਾ ਬੋਲੇ।

✶✶✶

# ਸਾਰੇ ਇੱਕੋ ਰੱਬ ਦੇ ਨਾਂ

ਈਸ਼ਵਰ, ਗੌਡ, ਵਾਹਿਗੁਰੂ ਅੱਲਾ,
ਸਾਰੇ ਇੱਕੋ ਰੱਬ ਦੇ ਨਾਂ।
ਜਿਵੇਂ ਬਾਪੂ ਤਾਈਂ ਭਾਪਾ,
ਅੱਬਾ, ਫਾਦਰ ਕਹਿੰਦੇ ਹਾਂ।

ਵੱਖੋ ਵੱਖ ਸਮਿਆਂ ਵਿੱਚ ਰੱਬ ਨੇ,
ਵੱਖੋ ਵੱਖ ਸੀ ਰੂਪ ਵਿਖਾਇਆ।
ਕਦੇ ਇਸ਼ੂ, ਕ੍ਰਿਸ਼ਨ, ਮੁਹੰਮਦ,
ਕਦੇ ਨਾਨਕ ਬਣਕੇ ਆਇਆ।
ਮਥੁਰਾ, ਯੋਰੋਸ਼ਲਮ, ਨਨਕਾਣਾ,
ਮੱਕਾ ਪਾਕ-ਪਵਿੱਤਰ ਥਾਂ।
ਈਸ਼ਵਰ, ਗੌਡ, ਵਾਹਿਗੁਰੂ ਅੱਲਾ,
ਸਾਰੇ ਇੱਕੋ ਰੱਬ ਦੇ ਨਾਂ।

ਨਾ ਕੋਈ ਸੋਨੇ ਨਾਲ ਬਣਾਇਆ,
ਨਾ ਕਿਸੇ ਨੂੰ ਕਾਲਖ ਲਾਈ।
ਸਾਰੇ ਇੱਕ ਮਿੱਟੀ ਤੋਂ ਸਾਜੇ,
ਹਿੰਦੂ, ਮੁਸਲਿਮ, ਸਿੱਖ, ਈਸਾਈ।
ਆਪਾਂ ਇੱਕ ਮਿੱਟੀ ਤੋਂ ਸਾਜੇ,
ਵੱਡੇ ਛੋਟੇ ਭਾਂਡੇ ਹਾਂ।
ਈਸ਼ਵਰ, ਗੌਡ, ਵਾਹਿਗੁਰੂ ਅੱਲਾ,
ਸਾਰੇ ਇੱਕੋ ਰੱਬ ਦੇ ਨਾਂ।

ਕੋਈ ਰਾਜਾ ਤੇ ਕੋਈ ਨੌਕਰ,
ਕੋਈ ਦਾਤਾ ਕੋਈ ਭਿਖਾਰੀ।
ਜੁੱਗਾਂ ਜੁੱਗਾਂ ਤੋਂ ਇਉਂ ਰਲ੍ਹ-ਮਿਲ੍ਹ,
ਚੱਲੀ ਆਉਂਦੀ ਦੁਨੀਆਦਾਰੀ।
ਸਾਰੇ ਇੱਕ ਦੂਜੇ ਤੇ ਨਿਰਭਰ,
ਸਾਰੇ ਇੱਕੋ ਦੂਜੇ ਦੀ ਜਾਂ।
ਈਸ਼ਵਰ, ਗੌਡ, ਵਾਹਿਗੁਰੂ ਅੱਲਾ,
ਸਾਰੇ ਇੱਕੋ ਰੱਬ ਦੇ ਨਾਂ।

ਛੱਡਕੇ ਜਾਤ ਪਾਤ ਦੇ ਝੇੜੇ,
ਤੱਜਕੇ ਊਚ ਨੀਚ ਦੀ ਨਫ਼ਰਤ।
'ਸੋਹਣੇ' ਰਾਜੇਮਾਜਰੀਏ ਦੀ,
ਸ਼ਾਲਾ ਪੂਰੀ ਹੋਵੇ ਹਸਰਤ।
ਸਾਰੀ ਰਲ ਮਿਲ ਰਹੇ ਖ਼ੁਦਾਈ,
ਰੱਬਾ ਇੱਕੋ ਅਰਜ ਕਰਾਂ।
ਈਸ਼ਵਰ, ਗੌਡ, ਵਾਹਿਗੁਰੂ ਅੱਲਾ,
ਸਾਰੇ ਇੱਕੋ ਰੱਬ ਦੇ ਨਾਂ।
ਜਿਵੇਂ ਬਾਪੂ ਤਾਈਂ ਭਾਪਾ,
ਅੱਬਾ, ਫਾਦਰ, ਕਹਿੰਦੇ ਹਾਂ।

***